

# ਪੰਜਾਬ ਦੀ ਵਾਰ

ਅ.ਫ਼ਜ਼ਲ ਅਹਿਸਨ ਰੰਧਾਵਾ

Academy of the Punjab in North America: http://www.apnaorg.com



ਅਫ਼ਜ਼ਲ

ਅਹਿਸਨ

ਰੰਧਾਵਾ

Academy of the Punjab in North America: http://www.apnaorg.com

# ਪੰਜਾਬ ਦੀ ਵਾਰ

ਅਫ਼ਜ਼ਲ ਅਹਿਸਨ ਰੰਧਾਵਾ

ਸੰਪਾਦਕ : ਡਾ. ਕਰਨੈਲ ਸਿੰਘ ਥਿੰਦ
ਲਿਪੀਅੰਤਰ : ਮ. ਸ. ਅੰਮ੍ਰਿਤ

Academy of the Punjab in North America: http://www.apnaorg.com

© Reserved 1983

ਕਲਾਕਾਰ : ਸੁਖਵੰਤ

ਮੁਦ੍ਰਕ : ਪਿਆਰਾ ਸਿੰਘ
ਨਿਊ ਏਜ ਬੁੱਕ ਸੈਂਟਰ
22, ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ।

ਛਾਪਕ : ਹਰਮੁੱਖ ਪ੍ਰਿੰਟਰਜ਼
23, ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ।

ਮੁੱਲ : ਪੰਦਰਾਂ ਰੁਪਏ

Academy of the Punjab in North America: http://www.apnaorg.com

—ਇਹ ਕਿਤਾਬ ਅਧੂਰੀ ਹੈ !
ਏਸ ਕਿਤਾਬ ਵਿਚ ਪੰਜ ਨਜ਼ਮਾਂ ਸਨ
ਦੋ ਨਜ਼ਮਾਂ ਮੇਰੇ ਹੱਥੋਂ ਕਿਧਰੇ ਗਵਾਚ ਗਈਆਂ ।
ਤਿੰਨ ਨਜ਼ਮਾਂ, ਜਿਹੜੀਆਂ ਮੇਰੇ ਕੋਲ ਸਨ ਉਹ ਏਸ ਕਿਤਾਬ
ਵਿਚ ਛਪੀਆਂ ਨੇ ।
ਇਹ ਕਿਤਾਬ ਅਜੇ ਅਧੂਰੀ ਏ !
ਮੈਂ ਆਪਣੀਆਂ ਗਵਾਚੀਆਂ ਹੋਈਆਂ ਦੋ ਨਜ਼ਮਾਂ
ਦੀ ਖੋਜ ਵਿਚ ਹਾਂ ।
ਆਖਿਰ ਇਕ ਨ ਇਕ ਦਿਨ ਮੇਰੀਆਂ ਗਵਾਚੀਆਂ
ਨਜ਼ਮਾਂ ਮੈਨੂੰ ਲੱਭ ਜਾਣਗੀਆਂ ।
ਤੇ ਇਹ ਕਿਤਾਬ ਪੂਰੀ ਹੋ ਜਾਏਗੀ ।
ਇਹ ਕਿਤਾਬ ਸਦਾ ਤੇ ਅਧੂਰੀ ਨਹੀਂ ਰਹਿਣੀ ।

**—ਅਫ਼ਜ਼ਲ ਅਹਿਸਨ ਰੰਧਾਵਾ**

Academy of the Punjab in North America: http://www.apnaorg.com

## ਤਰਤੀਬ


ਛੈਕੜ ਵਾਲੀ ਚੀਕ/9

ਮਿੱਟੀ ਦੀ ਮਹਿਕ/37

ਅਸਾਂ ਸੀ ਨਈਂ ਝਰਨੀ/53


Academy of the Punjab in North America: http://www.apnaorg.com

## ਛੇਕੜ ਵਾਲੀ ਚੀਕ

ਆਪਣੇ ਕੁਆਰੀ ਯਾਰ ਤੇ ਦੁਸਮਨ ਰਾਵੀ ਦਰਿਆ ਦੇ ਨਾਂ

੦

ਅਸੀਂ ਪੰਜਾਬੀ
ਅਸੀਂ ਪੰਜਾਬੀ ਢੱਗੇ
ਮੰਨਿਆ
ਸਿਰ ਮੱਥੇ ਤੇ
ਹਾਜਿਰ ਸਾਈਂ
ਜੋ ਆਖੇਂ, ਅਸੀਂ ਮੰਨੀਏਂ
ਅਸੀਂ ਪੰਜਾਬੀ ਢੱਗੇ
ਪਰ ਆਪਣੇ ਢੱਗਿਆਂ ਨਾਲ ਵਾਹੀ ਕਰਨ ਦਾ
ਸਾਨੂੰ ਹੁਕਮ ਨਾ ਹੋਇਆ
ਕਿਉਂ ਜੋ
ਢੱਗੇ
ਵਾਹੀ ਵਿਚ ਤੇ ਚੰਗੀ ਵਾਹੀ ਦਾ ਨਾਂ ਹੁੰਦੇ
ਚੰਗੇ ਢੱਗੇ, ਚੰਗੀ ਭੋਇੰ
ਮੁੜ ਬੰਦੇ ਨੂੰ ਕਾਹਦਾ ਘਾਟਾ ?



Academy of the Punjab in North America: http://www.apnaorg.com

ਸਾਨੂੰ ਹੁਕਮ ਸੀ
ਵਾਹੀ ਕਰੋ
ਕਰੋ ਵੀ ਸੰਢਿਆਂ ਤੇ ਮਤਰਾੜੀਆਂ ਝੋਟੀਆਂ ਜੋ ਕੇ
ਤੇ ਮਤਰਾੜੀਆਂ ਝੋਟੀਆਂ ਨੇ ਕੀ ਵਾਹੀ ਕਰਨੀ ?
ਰਹਿ ਗਏ ਸੰਢੇ
ਸੰਢੇ ਵੀ ਉਹ
ਜੱਟ, ਸੰਢਾ, ਪੈਸਾਰ
ਕਬੀਲਾ ਗਾਲ੍ਹਣ ਵਾਲੇ ਸੰਢੇ
ਸੰਢੇ ਵੀ
ਚੰਗੇ ਹੁੰਦੇ ਨੇ
ਮੇਰੀ ਅਕਲ ਜਾਂ ਬੇ-ਅਕਲੀ
ਜੋ ਮਰਜ਼ੀ ਆਖੋ ਮੁਜਿਬ
ਸੰਢੇ ਜੱਟ ਹੁੰਦੇ ਨੇਂ
ਆਹੋ ਜੱਟ ਸੰਢੇ ਹੁੰਦੇ ਨੇਂ
ਜੱਟ ਸੰਢੇ ਨ ਹੁੰਦੇ ਤੇ ਫੇਰ
ਰਾ ਰਾਹਮੂ
ਆਪਣੇ ਸਾਰੇ ਸੁਥਰੇ ਸੁਹਣੇ ਚੰਗੇ
ਰਾਵੀ ਦੇ ਜੰਮਪਲ ਘੋੜੇ
ਕਿਉਂ ਛੱਡ ਕੇ
ਸੰਢਿਆਂ ਉੱਤੇ ਕਾਠੀਆਂ ਪਾਉਂਦਾ,
ਜੇ ਜੱਟ ਸੰਢੇ ਨਾ ਹੁੰਦੇ
ਤਾਂ ਕਿਉਂ ਆਪੋ ਵਿਚ ਲੜਦੇ ?
ਜੋ ਤੂੰ ਡਿੱਠਾ ਹੋਵੇ
ਤੇ ਸੰਢਿਆਂ ਦੇ ਭੇੜ ਦੇ ਨਾਲੋਂ
ਵੱਡਾ ਕੋਈ ਨਾ ਭੇੜ
ਤੇ ਸੰਢਿਆਂ ਦੇ ਭੇੜ 'ਚ
ਕੀ ਕੰਮ ਹੁੰਦਾ ਏ ਛੱਡੀਆਂ ਦਾ ?
ਜਿਹੜਾ ਗੱਭੇ ਆਊ
ਮਾਰਿਆ ਜਾਊ
ਜੇ ਸੰਢੇ ਨ ਭਿੜਦੇ ਹੁੰਦੇ
ਗਾਲਦੇ ਕਿੰਜ ਕਬੀਲਾ ?
ਦੋ ਸੰਢੇ



Academy of the Punjab in North America: http://www.apnaorg.com

ਜਦ ਇਕ ਦੂਜੇ ਦੇ ਸਾਮ੍ਹਣੇ ਆਉਣ
ਖੌਰੂ ਪਾਉਣ, ਨਾਸਾਂ ਵਿਚੋਂ ਅੱਗ ਦੀ ਸ਼ੂਕਰ ਨਿਕਲੇ
ਜੁੱਸਾ ਵਾਂਗ ਕਮਾਨ
ਅੱਖਾਂ ਲਹੂ-ਲੁਹਾਨ
ਭੇੜ 'ਚ ਕਿਹੜੀ ਢਿੱਲ ?
ਭੇੜ ਵੀ ਉਹ
ਜੋ ਜਿਉਂਦੀ ਜਾਨੀਂ
ਇਕ ਨੇ ਦੂਜੇ ਅੱਗੋਂ
ਨਹੀਂ ਹਟਣਾ, ਨਹੀਂ ਹਟਣਾ,
ਇਕ ਹੈ ਨਹੀਂ ਯਾਂ ਦੂਜਾ ਕੋਈ ਨ
ਸਿੰਗ ਹੈ ਨਹੀਂ ਯਾਂ ਟੱਟੂ ਹੈ ਨਹੀਂ
ਸਾਨੂੰ ਕੀ ?
ਜੱਟ ਜਾਣੇ ਜਾਂ ਬਿੱਜੂ ਜਾਣੇ
ਪਰ ਇਹ ਦੋਵੇਂ ਜੱਟ
ਦੋਵਾਂ ਵਿਚੋਂ
ਘਰ ਜਿਉਂਦਾ ਇਕੋ ਜਾਊ
ਜਿਉਂਦਾ ਕਾਹਦਾ ?
ਕਿੰਨੇ ਦਿਨ ਤੇ ਫੇਰ ਜਿਉਂਦੇ ਫੱਟੜ ਹੋਏ ਨੇ
ਕਿਸੇ ਵੀ ਮੱਥ ਵੱਲ
ਨਹੀਂ ਤੱਕਣਾ, ਨਹੀਂ ਤੱਕਣਾ
ਆਪੇ ਥੱਕਿਆ, ਟੁੱਟਿਆ, ਭੱਜਿਆ
ਦੂਜੇ ਵੀਰ ਨੂੰ ਹਾਰ ਗੰਵਾਇਆ
ਮਾਰ ਵੰਞਾਇਆ
ਬੰਦਾ ਜੋ ਮਰਦਾਂ ਵਿਚ ਹਰ ਜਾਏ
ਕੀ ਫੇਰ ਓਸ ਮਰਦਾਂ ਵਿਚ ਬਹਿਣਾ
ਜੇਹਾ ਜਿਉਂਦਾ ਤੇਹਾ ਮੋਇਆ
o
ਜੱਟ ਤੇ ਫੱਟ
ਬੱਧੇ ਹੀ ਚੰਗੇ
ਯਾਂ ਫੇਰ
ਜੱਟ ਦੇ ਸਿੰਗਾਂ ਗੱਭੇ
ਕਿੱਲਾ ਠੋਕ ਕੇ ਪਾ ਦਿਆਂਗਾ


Academy of the Punjab in North America: http://www.apnaorg.com

ਸਾਨੂੰ ਹੁਕਮ ਸੀ
ਵਾਹੀ ਕਰੋ
ਕਰੋ ਵੀ ਸੰਢਿਆਂ ਤੇ ਮਤਰਾੜੀਆਂ ਛੋਟੀਆਂ ਜੋ ਕੇ
ਤੇ ਮਤਰਾੜੀਆਂ ਛੋਟੀਆਂ ਨੇ ਕੀ ਵਾਹੀ ਕਰਨੀ ?
ਰਹਿ ਗਏ ਸੰਢੇ
ਸੰਢੇ ਵੀ ਉਹ
ਜੱਟ, ਸੰਢਾ, ਪੰਸਾਰ
ਕਬੀਲਾ ਗਾਲ੍ਹਣ ਵਾਲੇ ਸੰਢੇ
ਸੰਢੇ ਵੀ
ਚੰਗੇ ਹੁੰਦੇ ਨੇ
ਮੇਰੀ ਅਕਲ ਜਾਂ ਬੇ-ਅਕਲੀ
ਜੋ ਮਰਜ਼ੀ ਆਖੋ ਮੂਜਿਬ
ਸੰਢੇ ਜੱਟ ਹੁੰਦੇ ਨੇਂ
ਆਹੋ ਜੱਟ ਸੰਢੇ ਹੁੰਦੇ ਨੇਂ
ਜੱਟ ਸੰਢੇ ਨ ਹੁੰਦੇ ਤੇ ਫੇਰ
ਰਾ ਹਾਹਮੂ
ਆਪਣੇ ਸਾਰੇ ਸੁਥਰੇ ਸੁਹਣੇ ਚੰਗੇ
ਰਾਵੀ ਦੇ ਜੰਮਪਲ ਘੋੜੇ
ਕਿਉਂ ਛੱਡ ਕੇ
ਸੰਢਿਆਂ ਉੱਤੇ ਕਾਠੀਆਂ ਪਾਉਂਦਾ,
ਜੇ ਜੱਟ ਸੰਢੇ ਨਾ ਹੁੰਦੇ
ਤਾਂ ਕਿਉਂ ਆਪੋ ਵਿਚ ਲੜਦੇ ?
ਜੇ ਤੂੰ ਡਿੱਠਾ ਹੋਵੇ
ਤੇ ਸੰਢਿਆਂ ਦੇ ਭੇੜ ਦੇ ਨਾਲੋਂ
ਵੱਡਾ ਕੋਈ ਨਾ ਭੇੜ
ਤੇ ਸੰਢਿਆਂ ਦੇ ਭੇੜ 'ਚ
ਕੀ ਕੰਮ ਹੁੰਦਾ ਏ ਛੱਡੀਆਂ ਦਾ ?
ਜਿਹੜਾ ਗੱਭੇ ਆਊ
ਮਾਰਿਆ ਜਾਊ
ਜੇ ਸੰਢੇ ਨ ਭਿੜਦੇ ਹੁੰਦੇ
ਗਾਲਦੇ ਕਿੰਜ ਕਬੀਲਾ ?
ਦੋ ਸੰਢੇ



Academy of the Punjab in North America: http://www.apnaorg.com

ਜਦ ਇਕ ਦੂਜੇ ਦੇ ਸਾਮ੍ਹਣੇ ਆਉਣ
ਖੇਰੂ ਪਾਉਣ, ਨਾਸਾਂ ਵਿਚੋਂ ਅੱਗ ਦੀ ਸੂਕਰ ਨਿਕਲੇ
ਜੁੱਸਾ ਵਾਂਗ ਕਮਾਨ
ਅੱਖਾਂ ਲਹੂ-ਲੁਹਾਨ
ਭੇੜ 'ਚ ਕਿਹੜੀ ਢਿੱਲ ?
ਭੇੜ ਵੀ ਉਹ
ਜੋ ਜਿਉਂਦੀ ਜਾਨੀਂ
ਇਕ ਨੇ ਦੂਜੇ ਅੱਗੋਂ
ਨਈਂ ਹਟਣਾ, ਨਈਂ ਹਟਣਾ,
ਇਕ ਹੈ ਨਈਂ ਯਾਂ ਦੂਜਾ ਕੋਈ ਨ
ਸਿੰਗ ਹੈ ਨਹੀਂ ਯਾਂ ਟੱਟੂ ਹੈ ਨਹੀਂ
ਸਾਨੂੰ ਕੀ ?
ਜੱਟ ਜਾਣੇ ਜਾਂ ਬਿੱਜੂ ਜਾਣੇ
ਪਰ ਇਹ ਦੋਵੇਂ ਜੱਟ
ਦੋਵਾਂ ਵਿਚੋਂ
ਘਰ ਜਿਉਂਦਾ ਇੱਕੋ ਜਾਊ
ਜਿਉਂਦਾ ਕਾਹਦਾ ?
ਕਿੰਨੇ ਦਿਨ ਤੇ ਫੇਰ ਜਿਉਂਦੇ ਫੱਟੜ ਹੋਏ ਨੇ
ਕਿਸੇ ਦੀ ਮੱਝ ਵੱਲ
ਨਈਂ ਤੱਕਣਾ, ਨਈਂ ਤੱਕਣਾ
ਆਪੇ ਥੱਕਿਆ, ਟੁੱਟਿਆ, ਭੱਜਿਆ
ਦੂਜੇ ਵੀਰ ਨੂੰ ਹਾਰ ਗੰਵਾਇਆ
ਮਾਰ ਵੰਞਾਇਆ
ਬੰਦਾ ਜੋ ਮਰਦਾਂ ਵਿਚ ਹਰ ਜਾਏ
ਕੀ ਫੇਰ ਓਸ ਮਰਦਾਂ ਵਿਚ ਬਹਿਣਾ
ਜੇਹਾ ਜਿਉਂਦਾ ਤੇਹਾ ਮੋਇਆ
o
ਜੱਟ ਤੇ ਫੱਟ
ਬੱਧੇ ਈ ਚੰਗੇ
ਯਾਂ ਫੇਰ
ਜੱਟ ਦੇ ਸਿੰਗਾਂ ਗੱਭੇ
ਕਿੱਲਾ ਠੋਕ ਕੇ ਪਾ ਦਿਆਂਗਾ



Academy of the Punjab in North America: http://www.apnaorg.com

ਦੋਂਹ ਬੰਨਿਓਂ ਕਾਬੂ ਰੱਖੀਦੈ
ਜੱਟ ਖੁੱਲ੍ਹਾ ਨਈਂ ਚੰਗਾ
ਜੱਟ ਤੇ ਢੱਟ
ਬੱਧੇ ਈ ਕਾਬੂ !
ਸਾਨੂੰ ਆਖਿਆ
ਵਾਹੀ ਕਰੋ, ਸੰਢਿਆਂ ਤੇ ਸੰਢਾਂ ਦੀ
ਸੰਢਾਂ ਦੀ ਕੀ ਵਾਹੀ ?
ਸੰਢੇ
ਮੁੱਕੇ ਮਰੇ ਤੇ ਮਾੜੇ
ਸਾਡੇ ਹਿੱਸੇ ਆਏ
ਸੱਤਿਆ ਵਾਲੇ ਚੰਗੇ ਸੁਥਰੇ ਸੰਢਿਆਂ ਨੂੰ ਤੇ
ਹੱਥ ਵੀ ਲਾਵਣ ਦਾ
ਸਾਨੂੰ ਹੁਕਮ ਨ ਹੋਇਆ
ਹੁਕਮ ਸੀ
ਮੁੱਕੇ, ਮਾਰੇ, ਮਾੜੇ, ਬੁੱਢੇ ਸੰਢੇ
ਜੋ ਕੇ ਵਾਹੀ ਨਿਭਾਉ
ਜੇ ਨ ਟੁਰਨ
ਤੇ ਮੌਰਾਂ ਉੱਤੇ ਪਾਓ ਪੁੜੇ
ਤੇ ਪੁੜਿਆਂ ਉੱਤੇ
ਉੱਤੇ ਹੇਠਾਂ ਮਾਰੋ
ਚੰਗੀ ਤਗੜੀ ਹੋਏ ਪਰਾਣੀ
ਕਿਉਂ ਨ ਟੁਰਸਣ ?
ਤਾਂ ਵੀ ਨ ਟੁਰਨ
ਤੇ ਲੰਡੀਆਂ ਪੂਛਲਾਂ ਉੱਤੇ ਚੱਕ ਵੱਢੋ ਚਾ
ਵਾਹੋਗੇ ਨ, ਖਾਓਗੇ ਕੀ ?
o
ਸੁਣ ਓਇ ਦੁਸ਼ਮਣਾ ਰਾਵੀਆ !
ਅਸੀਂ ਨਰੋਏ ਹੱਡਾਂ ਵਾਲੇ
ਪਹਿਲੇ ਭਿੜੇ
ਮਰੇ ਤੇ ਮਾਰੇ
ਫੇਰ ਮੌਰਾਂ ਤੇ
ਪੁੜੇ ਵੀ ਛਾਪੇ



Academy of the Punjab in North America: http://www.apnaorg.com

ਮਾਰੀਏ ! ਮਾਰੀਏ !
ਇਕ ਪਰਾਣੀ ਟੁੱਟੇ ਤੇ ਫੇਰ ਦੂਜੀ
ਦੂਜੀ ਟੁੱਟੇ, ਤੀਜੀ
ਰੁੱਖਾਂ ਦਾ ਕੀ ਕਾਲ ਏ ਏਥੇ
ਸਾਡਾ ਹੱਥ, ਪਰਾਣੀ ਸਾਡੀ
ਤੇ ਪੁੜਿਆਂ ਨਾਲ ਭਰਿਆ ਜੁੱਸਾ
ਵੀ ਸਾਡਾ ਹੈ
ਹਾਂ ਸਾਡਾ ਹੈ
ਰਾਵੀਆ ਯਾਰਾ !
ਅਸੀਂ ਪੰਜਾਬੀ ਢੱਗੇ
ਮੇਢੇ ਬਣ ਵੀ ਰਹਿ ਸਕੇ ਨ
ਇਕ ਜੂਹ ਵਿਚ ਦੋ ਸਾਨ੍ਹ ਤੇ ਰਹਿ ਨਈਂ ਸਕਦੇ ?
ਸਿਰ ਮੱਥੇ ਤੇ
ਪਰ
ਇਕ ਖੁਰਲੀ ਚੋਂ ਖਾਵਣ ਵਾਲੇ
ਇਕ ਪੰਜਾਲੀ ਜੁਪਣ ਵਾਲੇ
ਇਕ ਮਾਂ ਦੇ ਦੋ ਜਾਏ
ਕਿੱਦਾਂ ਭਿੜ ਪਏ ?
ਕਾਹਨੂੰ ਭਿੜ ਪਏ ?
ਪਰ ਇਹ ਭਿੜ ਪਏ
ਫੱਸ ਗਏ ਸਿੰਗ ਸਿੰਗਾਂ ਵਿਚ
ਸਿੰਗ ਟੁੱਟੇ ਯਾਂ ਜੁੱਸੇ ਪਾਟੇ
ਇਕ ਮਰਿਆ ਯਾਂ ਦੋਵੇਂ
ਲੋਕ
ਤਮਾਸ਼ਾ ਵੇਖਣ ਵਾਲੇ
ਇਕ ਦੋ ਹੌਕੇ ਭਰ ਕੇ
ਘਰਾਂ ਨੂੰ ਟੁਰ ਜਾਵਣਗੇ
ਪਰ
ਉਸ ਮਾਂ ਤੇ ਕੀ ਗੁਜ਼ਰੇਗੀ ?
ਪਾਊਡਰ ਮਿਲਕ ਉੱਤੇ ਪੱਕਿਆ ਹੋਇਆ, ਪੜ੍ਹਿਆ ਲਿਖਿਆ
ਤੂੰ ਕੀ ਜਾਣੇ
ਮਾਂ ਕੀ ਹੁੰਦੀ ?


Academy of the Punjab in North America: http://www.apnaorg.com

ਮਾਂ ਦੀ ਕੁੱਖ ਦਾ
ਦੁੱਖ ਕੀ ਹੁੰਦਾ ?
ਕੀ ਹੁੰਦੀਆਂ ਨੇ
ਛੱਤੀ ਧਾਰਾਂ ?
ਕੁੱਖ ਦਾ ਦੁੱਖ
ਕਿੱਡਾ ਕੁ ਹੁੰਦਾ ?
ਮੈਥੋਂ ਪੁੱਛ
ਜੇ ਉਸ ਦੁੱਖ ਦੀ ਗੱਲ ਵੀ
ਕਾਗਤ ਉੱਤੇ ਲਿਖਣ ਲੱਗਿਆਂ
ਜਾਨ ਨਿਕਲਦੀ ਜਾਵੇ
ਉੱਕਾ ਸਾਹ ਨ ਆਵੇ !

o

ਸੁਣ ਓਇ ਦੁਸਮਣਾ ਰਾਵੀਆ !
ਅਸੀਂ ਪੰਜਾਬੀ ਸਾਨ੍ਹ ਸਾਂ
ਤਾਂ ਵੀ ਮਾੜੇ ਬਣ ਗਏ
ਪੁੱਠਿਆਂ ਉੱਤੇ ਪਾਏ ਪੁੜੇ
ਤੇ ਫੜੀਆਂ ਹੱਥ ਪਰਾਣੀਆਂ
ਪੁੱਠੇ ਉੱਡੇ
ਟੁੱਟੀਆਂ ਲੱਖ ਪਰਾਣੀਆਂ
ਮੁੱਕੇ ਰੁੱਖ !
ਅਸੀਂ ਖੇਤੀ ਵਾਹੀ
ਧਰਤੀ ਵਿਚੋਂ ਸੋਨਾ ਕਢਿਆ, ਵੰਡਿਆ
ਭੁੱਖੇ ਘਰ ਵਿਚ ਦਾਣੇ ਪਏ, ਭਰੇ ਭੜੋਲੇ
ਨੰਗੇ ਪਿੰਡੇ ਕੱਜੇ
ਪੱਗ ਨੂੰ ਆਕੜ ਦਿੱਤੀ
ਨਾਲੇ ਮੁੱਛ ਨੂੰ ਦਿੱਤਾ ਤਾਅ
ਮੱਝਾਂ ਨੂੰ ਅਸਾਂ ਫਲ ਵੀ ਦਿੱਤੇ
ਤੇ ਹੱਡਾਂ ਨੂੰ ਦੁੱਧ
ਗੱਡੇ ਖਿੱਚੇ, ਖੂਹ ਜੁੱਪੇ ਤੇ ਵਾਹੇ ਅਸਾਂ ਖ਼ਰਾਸ
ਔਕੜ ਵਿਚ ਬੀਂਡੀ ਵੀ ਜੁੱਪੇ
ਮਿੱਟੀ ਦੇ ਵਿਚ ਮਿੱਟੀ ਹੋ ਗਏ
ਪਰ ਮੱਥੇ



Academy of the Punjab in North America: http://www.apnaorg.com

ਅਸੀਂ ਵੱਟ ਨ ਪਾਏ
ਉੱਚੀ ਧੌਣ, ਦਮਕਦੀਆਂ ਅੱਖੀਆਂ, ਤਣਿਆ ਪਿੰਡਾ
ਸਭ ਸਰੀਰ ਨਰੋਆ
ਅੱਜ ਵੀ
ਅੱਜ ਵੀ ਅਸੀਂ ਜਿਊਂਦੇ
ਅਸੀਂ ਪੰਜਾਬੀ
ਸਾਨੂੰ ਸਾਂ
ਅੱਜ ਨਿਮਾਣੇ !!
o
ਅਣਗਿਣੀਆਂ ਸਦੀਆਂ ਤੋਂ
ਬਾਹਰਲਿਆਂ ਦੇ ਕਿੰਨੇ ਕਟਕ ਚੜ੍ਹੇ ?
ਕਿੰਨੇ ਘੱਲੂਘਾਰੇ ਹੋਏ ?
ਕਿੰਨੀ ਵਾਰ
ਮੈਂ ਲੁੱਟੀ ?
ਕਿੰਨੀ ਵਾਰ
ਮੇਰੀ ਚੁੰਨੀ ਪਾਟੀ ?
ਕਿੰਨੀ ਵਾਰ ਮੈਂ ਆਪਣੇ ਬੱਚੜੇ ਵਾਰੇ ?
ਸੀਸ ਕਟਾਏ ?
ਕਿੰਨੇ ਬੱਚੇ ਕੰਧਾਂ ਵਿਚ ਚਿਣਵਾਏ ?
ਕਿੰਨੇ ਵਾਰ ਮੈਂ
ਮੋਈ !
ਕਿੰਨੀਆਂ ਦਾਤਰੀਆਂ ਦੇ ਅਸੀਂ ਸੌਦੇ
ਕਿੰਨੀ ਵਾਰ ਅਸੀਂ ਵੱਢੇ ਗਏ
ਤੇ ਕਿੰਨੀ ਵਾਰ ਅਸੀਂ
ਦੂਣ ਸਵਾਏ ਹੋਏ ?
ਕਿੰਨੀ ਵਾਰੀ ?
ਅਜੇ ਜਿਊਂਦੀ !
ਅਣਗਿਣੀਆਂ ਸਦੀਆਂ ਤੋਂ
ਕਿੰਨੀਆਂ ਲਾਲ ਹਨੇਰੀਆਂ ਚੜ੍ਹੀਆਂ ?
ਕਿੰਨੀ ਵਾਰੀ
ਮੇਰੀਆਂ ਟਹਿਣੀਆਂ ਟੁੱਟੀਆਂ
ਛਾਵਾਂ ਲੁੱਟੀਆਂ


Academy of the Punjab in North America: http://www.apnaorg.com

ਮੇਰੇ ਛੋਂਡੇ ਲੱਥੇ, ਮੌਛੇ ਪਏ
ਪਰ ਅਜੇ ਜਿਊਂਦੀ
ਔਗੁਣਹਾਰ ਮੈਂ !!

o

ਅਸੀਂ ਪੰਜਾਬੀ !
ਇਕ ਤ੍ਰਾਰੀਖ਼ ਗ਼ਵਾਚੀ ਹੋਈ ਅਣਗਿਣਨੀਆਂ ਸਦੀਆਂ ਦੀ
ਇਕ ਮੁਕੱਦਸ ਪੋਥੀ ਦੇ
ਅਸੀਂ ਖਿੱਲਰੇ ਵਰਕੇ
'ਵਾ ਵਿਚ ਉੱਡਦੇ ਫਿਰਦੇ ਵਰਕਿਆਂ ਉੱਤੇ
ਜਗਦੇ ਬਲਦੇ ਅੱਖਰ
ਉੱਚੇ ਸਿਰ ਵਾਲੇ ਪੰਜਾਬ ਦੀ ਪੱਗ ਦੀਆਂ
ਪਾਟੀਆਂ ਖਿੱਲਰੀਆਂ ਲੀਰਾਂ
ਪੰਜ ਦਰਿਆਵਾਂ ਦੇ ਜ਼ੋਰਾਵਰ ਅਮ੍ਰਿਤ ਦੀਆਂ
ਖਿੰਡੀਆਂ ਲਹਿਰਾਂ
'ਸਪਤ ਸਿੰਧੂ' ਦੇ ਜਾਏ
ਖਿੱਲਰੇ ਪੁੱਲਰੇ
ਅਸੀਂ ਪੰਜਾਬੀ
ਅੱਜ ਨਿਮਾਣੇ
ਕਲ ਤੱਕ
ਸਾਨ੍ਹ ਸਾਂ

o

ਇਕ ਹੜ੍ਹ ਚੜ੍ਹਿਆ
ਯੂਨਾਨ ਤੋਂ
ਜਿਹਨੇ ਦੁਨੀਆਂ ਰੋੜ੍ਹੀ
ਜਿਧਰ ਜਾਵੇ
ਅੱਗੇ ਕੁਝ ਨ ਅੜਦਾ
ਕਿੰਨੇ ਖ਼ਾਨ, ਮਲਿਕ ਤੇ ਰਾਜੇ 'ਅੰਭੀ'
ਅੱਗੋਂ ਵਾਢੀ ਭੱਜੇ ਜਾਵਣ
ਉਹਦੇ ਦੁਨੀਆਂ ਨੂੰ ਲਿਤਾੜਨ ਵਾਲੇ ਪੈਰਾਂ ਉੱਤੇ
ਸੀਸ ਝੁਕਾਵਣ
ਆਖਣ "ਬਖ਼ਸ਼ੀਂ" !
ਉਹ ਹਰ ਸ਼ੈ ਨੂੰ ਰੋੜ੍ਹੀ ਜਾਵੇ



Academy of the Punjab in North America: http://www.apnaorg.com

ਦੜ੍ਹਦਾ ਆਵੇ
ਮੇਰੇ 'ਭਾ 'ਪੌਰੋਸ' ਨੇ (ਰਾਠ, ਬਹਾਦਰ, ਅਣਖੀ, ਪੌਰਸ)
ਉਹਨੂੰ ਹੱਸ ਕੇ
ਛਾਤੀ ਉੱਤੇ ਡੱਕਿਆ
ਦੁਨੀਆਂ ਮਾਰ ਮੁਕਾਵਣ ਵਾਲਾ
ਉਹ ਸਿਕੰਦਰ
ਦੇਸ ਪੰਜਾਬ ਨੇ
ਕੋਟ ਕਮਾਲੀਏ ਕੋਲੋਂ
ਮੰਜੀ ਉੱਤੇ ਪਾ ਕੇ ਮੋੜਿਆ !
੦
ਵੱਡਾ ਤਖ਼ਤ ਚੁਗੱਤਿਆਂ ਵਾਲਾ
ਕਿੰਨੇ ਪਾਵੇ ਭੰਨੇ ?
ਕਲਗੀ ਵਾਲੇ ਸੱਚੇ ਪਾਤਸ਼ਾਹ
ਤੇ ਉਹਦਿਆਂ ਬਾਜ਼ਾਂ ਨੇ !
ਘਰ ਘਰ ਜੰਮੇ ਦੁੱਲੇ ਭੱਟੀ
ਦਿੱਲੀ ਰੰਡੀ ਹੋ ਕੇ ਰੋਂਦੀ
ਵੇਖੇ ਪਈ ਪੰਜਾਬ ਵੱਲ
ਤਖ਼ਤ ਲਾਹੌਰ ਦੇ ਥੱਲੇ
ਦਰਿਆ ਰਾਵੀ ਵਾਂਗੂੰ
ਕਿੰਨੀਆਂ ਸਦੀਆਂ
ਲਹੂ ਪੰਜਾਬ ਦਾ ?
ਕਿੰਨੀ ਵਾਰੀ
ਬੱਧਾ ਝੁਕਿਆ
ਕਦੇ ਨ ਨੀਵਾਂ ਹੋਵਣ ਵਾਲਾ
ਸਿਰ ਪੰਜਾਬ ਦਾ
ਤਖ਼ਤ ਲਾਹੌਰ ਦੇ
ਪਾਵੇ ਭੰਨ ਕੇ
ਆਪਣਾ ਠੱਪਾ ਲਾਇਆ
ਦੇਸ ਪੰਜਾਬ ਦੇ ਪੁੱਤਰ
ਜੱਸਾ ਸਿੰਘ (ਕਲਾਲ) ਨੇ
੦
ਲਹਿੰਦੇ ਵਾਲੀ ਲਾਲ ਹਨੇਰੀ



Academy of the Punjab in North America: http://www.apnaorg.com

ਜਿਸਦਾ ਨਾਂ ਫ਼ਰੰਗੀ
ਕੀਹਨੇ ਡੱਕੀ ?
ਦੇਸ ਪੰਜਾਬ ਦੇ ਪੁੱਤਰਾਂ
ਰਣ ਜਿੱਤਣ ਵਾਲੇ 'ਰਣਜੀਤ' ਨੇ
ਦਿਲ ਵੀ ਜਿੱਤੇ
ਰਣ ਵੀ ਜਿੱਤੇ
(ਦੋ ਵੀਹਾਂ ਤੇ ਦੋ ਵਰ੍ਹੇ)
ਉਹ ਸੀ
ਬੱਗਾ ਸ਼ੇਰ ਪੰਜਾਬ ਦਾ !!!
ਸੱਚੇ ਸਾਹਿਬ
ਸ਼ੁੱਕਰਚਕੀਏ 'ਮਹਾਂ ਸਿੰਘ' ਦੇ
ਵਿਹੜੇ ਬੂਟਾ ਲਾਇਆ
ਉਸ ਬੂਟੇ ਦੀ ਮਹਿਕ ਸੀ ਕੋਈ
ਬੱਲੇ ਬੱਲੇ !
ਉਸ ਬੋਹੜ ਦੀ ਛਾਂ ਸੀ ਕੋਈ
ਬੱਲੇ ਬੱਲੇ !
ਓਸ ਫੁੱਲ ਦੀਆਂ ਮਹਿਕਾਂ ਖਿੰਡੀਆਂ ਦੂਰੋਂ ਦੂਰ
ਚਾਰ ਚੁਫ਼ੇਰੇ
ਉਹਦੀ ਛਾਂ ਨੇ ਕੱਜਿਆ
ਸੜਦਾ ਨੰਗਾ ਸਿਰ ਪੰਜਾਬ ਦਾ
ਜੋ ਕੁਝ ਖਾਧਾ ਪੀਤਾ ਲਾਹੇ
ਬਾਕੀ ਅਹਿਮਦ ਸ਼ਾਹੇ
ਨਿੱਤ ਦਿਹਾੜੇ ਕਾਬੁਲੋਂ, ਗ਼ਜ਼ਨੀਓਂ
ਸ਼ਾਹਾਂ ਵਾਲੇ ਕਟਕ ਚੜ੍ਹਨ
ਤੇ ਹਰ ਸ਼ੈ ਲੁਟ ਲੈ ਜਾਵਣ
ਰਣ ਜਿੱਤਣ ਵਾਲਾ
'ਰਣਜੀਤ'
ਦੇਸ ਪੰਜਾਬ ਦੇ ਆਲ-ਦੁਆਲੇ
ਪੱਥਰ ਲੋਹੇ ਦੀ ਕੰਧ
ਦੇਸ ਪੰਜਾਬ ਦੇ ਲੁੱਟੇ ਪੁੱਟੇ
ਨੰਗੇ ਸਿਰ ਦੀ
ਸੁਹਣੀ ਪੱਗ


Academy of the Punjab in North America: http://www.apnaorg.com

ਗੱਜਿਆ !
ਨ ਕੋਈ ਹੋਰ ਚੁਰੱਤਾ
ਨ ਕੋਈ 'ਅਹਿਮਦ ਸ਼ਾਹ' ਯਾਂ 'ਸ਼ਾਹ ਜ਼ਮਾਨ'
ਯਾਂ ਉਨ੍ਹਾਂ ਦਾ ਜਮੂਰਾ ਕੋਈ
ਨ ਕੋਈ ਚਿੱਟੀ ਚਮੜੀ ਵਾਲਾ
ਐਧਰ ਮੈਲੀ ਅੱਖ ਨਾਲ ਵੇਖੇ
ਕੋਈ ਹੱਥ ਨ ਐਧਰ ਆਵੇ
ਦੇਸ ਪੰਜਾਬ ਦੀ ਸੁਹਣੀ, ਮੱਖਣ ਵਰਗੀ ਸੋਨੇ ਦੀ ਧਰਤੀ ਦੇ
ਚਾਂਦੀ ਵਰਗੇ ਰਾਹਾਂ ਉੱਤੇ
ਹੁਣ ਨ ਕੋਈ ਬਾਹਰੋਂ ਆ ਕੇ
ਰੱਖੇ ਆਪਣਾ ਪੈਰ ।
ਦੇਸ ਪੰਜਾਬ ਤੇ ਸਾਇਆ
ਸੱਚੇ ਸਾਹਿਬ ਦਾ
ਦਸੇ ਪਾਤਸ਼ਾਹ ਇਹਦੇ ਰਾਖੇ
ਹੁਣ ਪੰਜਾਬ ਲਾ-ਵਾਰਿਸ ਕੋਈ ਨ
ਅੱਜ ਪੰਜਾਬ ਦਾ ਸੁਹਣਾ ਮੂੰਹ ਧੁਪਿਆ ਤੇ ਲਿਸ਼ਕੇ
ਅੱਜ ਪੰਜਾਬ ਦਾ ਉੱਚੀਆਂ ਸ਼ਾਨਾ ਵਾਲਾ ਸਿਰ ਕੱਜਿਆ
ਰਣਾਂ ਦਾ ਜਿੱਤਣ ਵਾਲਾ, ਇਹਦੀ ਪੱਗ
ਇਹਦੀਆਂ ਚਿੜੀਆਂ, ਬਾਜ਼ਾਂ ਦੇ ਲਈ ਜੂਨ ਵਟਾ
ਖਿੜ ਖਿੜ ਹੱਸੇ, ਸੁਹਣੀ ਧਰਤੀ ਨੇ
ਪੰਜ ਦਰਿਆਵਾਂ ਵਾਲੀ—
ਅਸੀਂ ਪੰਜਾਬੀ !
ਆਪਣੀ ਜਿੱਤ ਹਾਂ
ਆਪਣੀ ਹਾਰ ਹਾਂ—
ਜਦ
ਜੱਟ, ਸੰਧਾ, ਸੰਸਾਰ
ਕਬੀਲਾ ਗਾਲਣਾ
ਤੇ ਗਾਲਦੇ ਕਿਉਂ ਨ
ਅਸੀਂ ਕਬੀਲਾ ?
ਸੰਨ੍ਹਾਂ ਲੱਗੀਆਂ
ਆਪਣੇ ਹੱਥ ਤੇ ਆਪਣੇ ਘਰ ਪਰ ਸੰਨ੍ਹਾਂ ਲੱਗੀਆਂ
ਦਿੱਲੀਓਂ ਟੋਰ ਲੁਧਿਆਣੇ ਆਂਦੇ



Academy of the Punjab in North America: http://www.apnaorg.com

ਚਿੱਟੇ ਜਾਦੂਗਰ
ਆਪਣੇ ਸਿਰ ਸਿਰਦਾਰੀ ਵਾਲੀਆਂ
ਚਿੱਟੇ ਹੱਥੀਂ
ਪੱਗਾਂ ਆਣ ਬੰਨ੍ਹਾਈਆਂ
ਬੱਧੀਆਂ ਯਾਂ ਲੁਹਾਈਆਂ ?
ਆਪਣਾ ਕਿਉਂ ਕਰ ਹੋਵੇ
ਆਪਣਿਆਂ ਦਾ ਸਾਈਂ ?
ਬਾਹਰ ਵਾਲਾ, ਰਾਖੀ ਚੰਗੀ ਕਰਦਾ
ਆਪੇ ਗਾਲਿਆ ਅਸਾਂ ਕਬੀਲਾ
ਆਪੇ ਈ ਹਾਰਿਆ ਆਪਣਾ ਆਪ
ਰਣ ਜਿੱਤਣ ਵਾਲੇ ਨੇ
ਅੰਦਰ ਵੜ ਕੇ
ਚੱਕ ਵੱਢੇ ਹੱਥਾਂ 'ਤੇ—
ਲੈਲ ਹਿਣਕੇ, ਫੁਰਕੜੇ ਮਾਰੇ
ਨਾਸਾਂ ਵਿਚੋਂ
ਲਹੂ ਪਿਆ ਪਾਣੀ ਬਣ ਬਣ ਨਿਕਲੇ
ਹਿਣਕੇ ਰੋਵੇ
ਹਰ ਰਣ ਜਿੱਤਣ ਵਾਲਾ
ਮੁਲਖ ਪੰਜਾਬ ਦਾ ਲਾੜਾ
ਸ਼ੇਰਾਂ ਦਾ ਉਹ ਸ਼ੇਰ 'ਰਣਜੀਤ'
ਆਪਣਿਆਂ ਦੇ ਹੱਥੋਂ ਹਰ ਗਿਆ
ਜਿਸ ਦੇ ਘੋੜੇ
ਸਰਹੱਦ, ਖ਼ੈਬਰ ਤੇ ਕਾਬੁਲ
ਦੂਜੇ ਦਾ ਤਿੱਬਤ, ਲੱਦਾਖ਼, ਸਕਰਦੂ (ਸਮਰਕੰਦ)
ਤੀਜੇ ਬਾਹੀ ਚੰਬਾ, ਕਾਂਗੜਾ, ਜੰਮੂ ਤੇ ਕਸ਼ਮੀਰ
ਚੌਥੇ ਦਾ ਮੁਲਤਾਨ
ਚਾਰੀਂ ਕੂੰਟੀਂ
ਧੂੜਾਂ ਜਾ ਧਮਾਣ
ਦੇਸ 'ਪੰਜਾਬ' ਦੇ ਜੱਸ ਗਾਵਣ
ਤੇ ਧੁੰਮਾਂ ਪਾਉਣ
ਆਪਣੇ ਘਰ ਵਿਚ
ਆਪਣਿਆਂ ਦੀ ਹੱਥੀਂ ਹਰਿਆ



Academy of the Punjab in North America: http://www.apnaorg.com

ਬੰਨ੍ਹ ਸ਼ਰੀਕੇ ਮਾਰਿਆ
ਗੋਰੇ ਆ 'ਲੁਧਿਆਣੇ'
ਛਾਉਣੀ ਪਾਈ
ਆਪਣਿਆਂ ਨੇ
ਆਪਣੀ ਚੰਗੀ ਰਾਖੀ ਲਈ
ਲੈ ਆਂਦੇ ਰਾਖੇ
ਵੱਡੇ ਗਏ ਤੇ ਰੁੜ੍ਹ ਗਏ—
ਤਾਂ ਵੀ
ਚਾਲ੍ਹੀ ਵਰ੍ਹੇ 'ਰਣਜੀਤ' ਨੇ
ਆਪਣੀਆਂ ਬਾਹਵਾਂ ਦੀ ਸ਼ਕਤੀ ਨਾਲ
ਉੱਥੇ ਦੀ ਛੱਡੇ ਕੀਲ
ਸਾਰੇ ਚਿੱਟੇ ਨਾਗ
ਚਾਲ੍ਹੀ ਵਰ੍ਹੇ
ਤੇ ਬਾਹਰਲਾ ਪੈਰ
ਪਵਿੱਤਰ ਭੋਇੰ ਤੇ ਪੈਣ ਨ ਦਿੱਤਾ
ਰੱਸੀਆਂ ਧਰ ਧਰ ਵੰਡ ਲੈਂਦੇ ਨੇ
ਮਰ ਗਇਆਂ ਦੇ ਥਾਂ
ਸਿਰ ਦਾ ਸਾਈਂ ਮਰਿਆ
ਤੇ ਸੁਹਣੀ ਰਾਣੀ ਦੇਸ 'ਪੰਜਾਬ' ਦੀ ਰੰਡੀ ਹੋਈ
ਬਾਹਰਲਿਆਂ ਦੀਆਂ
ਅੱਖਾਂ ਉੱਠੀਆਂ
ਹੱਥ ਵਧੇ
ਤੇ ਮੱਲਾਂ ਵੱਜੀਆਂ
ਪੁੱਤਰ ਜਿਉਂਦੇ ਹੋਣ ਤੇ ਮਾਂ ਤੋਂ
ਜਿੰਦੜੀ ਘੋਲ ਘੁਮਾਵਣ
ਮੱਥੇ ਵਟ ਨ ਪਾਵਣ
ਗੋਰੇ ਰਾਜ ਤੇ ਪੂਰੇ ਹਿੰਦ
ਆ ਮੱਥਾ ਲਾਇਆ
ਬੇ-ਮਾਲਿਕ ਬਾਜ਼ਾਂ ਦੀਆਂ ਵੇਖੀਆਂ ਜੱਗ ਉਡਾਰੀਆਂ
'ਮੁਦਕੀ', 'ਫੇਰੂ ਸ਼ਹਿਰ' 'ਅਲੀਆਲ'
'ਸਭਰਾਉਂ' ਤੇ 'ਚੇਲੀਆਂਵਾਲੇ'
ਬਾਗ਼ਾਂ ਮਿਲੀਆਂ


Academy of the Punjab in North America: http://www.apnaorg.com

ਕੁਲ ਆਲਮ ਸੁਣੀਆਂ—
'ਲਾਲ' ਤੇ 'ਤੇਜਾ' ਚਾਲਾਂ ਚੱਲਣ
ਮਾਈ ਡੋਰ ਹਿਲਾਵੇ
ਘਰ ਦੀ ਵੰਡ ਨੇ ਮਾਰੇ
ਤਾਂ ਵੀ
ਉਹਦਿਆਂ ਪੁੱਤਰਾਂ
(ਬਾਜਾਂ-ਸ਼ੇਰਾਂ)
ਆਪਣੀਆਂ ਲੋਥਾਂ ਦੇ ਨਾਲ ਢੱਕ ਲਈ
ਮੱਖਣ ਵਰਗੀ ਧਰਤੀ ਮਾਂ
ਅੰਦਰ ਦੁਸ਼ਮਨ
ਬਾਹਰ ਦੁਸ਼ਮਨ
ਚਾਰ ਚੁਫ਼ੇਰੇ ਦੁਸ਼ਮਨ
ਮਕਰ ਦੀ ਜੰਗ 'ਚ ਆਪਣੀ ਹੱਥੀਂ
ਸੜ ਗਈ
ਸੂਹਣੀ ਚੁੰਨੀ, ਰੰਗ ਬਰੰਗੀ ਪੱਗ
ਪੰਜਾਬ ਦੀ
'ਸਤਲੁਜ' ਦੀ ਛਾਤੀ ਤੇ
ਪਾਣੀ ਦੀ ਥਾਂ ਲਹੂ ਦੇ ਸੁੱਧੇ ਹੜ੍ਹ ਚੜ੍ਹੇ
ਆਪਣੀ ਰੱਤ ਨਾਲ
ਧਰਤੀ ਲਾਲੋ ਲਾਲ
ਬਾਂਕੀ ਸੂਹਣੀ 'ਪੰਜਾਬ ਕੌਰ' ਦੇ
ਥਣਾਂ 'ਚੋਂ
ਦੁੱਧ ਦੀ ਥਾਂ ਵੀ
ਰੱਤ ਪਈ ਉਬਲੇ
ਲਹੂ ਵਿਚ ਹਰ ਸ਼ੈ ਰੁੜ੍ਹ ਗਈ, ਡੁੱਬ ਗਈ।

o

ਲਾਲ ਹਨੇਰੀ
ਜਿਸ ਦਾ ਨਾਂ ਫ਼ਰੰਗੀ
ਕਿਹਨੇ ਡੱਕੀ ?
'ਰਣਜੀਤ' ਤੋਂ ਲੈ ਕੇ
ਹੱਸ ਕੇ ਫਾਹੇ ਲਗਣ ਵਾਲੇ ਭਗਤ ਸਿੰਘ
ਤੇ ਸੈਂਕੜੇ ਲੱਖ ਬੇ-ਨਾਮ ਜੁਆਨਾਂ, ਰਾਮ ਮੁਹੰਮਦ ਸਿੰਘਾਂ ਤੀਕਰ



Academy of the Punjab in North America: http://www.apnaorg.com

ਕਿਹਨੇ ਡੱਕੀ ਲਾਲ ਹਨੇਰੀ
ਜਿਸ ਦਾ ਨਾਂ ਫ਼ਰੰਗੀ
ਦੇਸ ਪੰਜਾਬ ਦੇ,
ਪੁੱਤਰਾ !!

o

ਗ਼ੈਰਤ, ਜੁਰੱਅਤ, ਹਿੰਮਤ,
ਨਾਂ ਪੰਜਾਬ ਦੇ
ਰਾਵੀ ਜੂਹ ਸ਼ੇਰਾਂ ਦੀ ਵਿਚ
ਆ ਵੜਿਆ ਬਰਕੱਲੀ*
ਗਿੱਦੜਾਂ ਵਾਲੀਆਂ ਚਾਲਾਂ ਚੱਲੇ
ਸੁੱਟੇ ਮਕਰ ਦੇ ਜਾਲ
ਖਰਲਾਂ ਦੇ ਸਿਰਦਾਰ ਤੇ ਰਾਠ
ਅਹਿਮਦ ਨੂੰ ਆਖੇ
"ਤੇਰੀ ਘੋੜੀ ਵੀ ਚੰਗੀ
ਪਰ ਮੇਰੀ ਬਹੁਤੀ ਸੁਥਰੀ
ਖ਼ਾਲਿਸ ਥਾਰੋ ਬ੍ਰੀਡ+
ਨਾਲੇ ਇੰਗਲਿਸਤਾਨ ਦੇ ਸ਼ਾਹੀ ਘਰ ਦੇ
ਸਭ ਤੋਂ ਸੁਥਰੇ ਘੋੜੇ ਦੀ ਇਹ ਧੀ
ਮੈਂ ਤੂੰ ਆ ਵਟਾਈਏ ਘੋੜੀਆਂ
ਬਣੀਏ ਦੋਵੇਂ ਭਿਰਾ !"
ਦੂਰ ਖਲੋਤੀ 'ਸਾਵੀ'
ਗੁੱਸੇ ਨਾਲ ਹਿਣਕੇ
ਫੂਰਕੜੇ ਮਾਰੇ
ਪੌੜਾਂ ਦੇ ਨਾਲ ਧਰਤੀ ਪਾੜੇ
ਹੱਸਿਆ ਅਹਿਮਦ ਖ਼ਾਨ
"ਰੱਬ ਸੱਚੇ ਜੇ ਸੁਖ ਰੱਖੀ
ਤੇ ਕੱਲ੍ਹ ਮੁੜ ਆਣ ਕੇ ਦੱਸ ਜਾ ਸਾਹਿਬ !"
ਮੁੜਦਾ ਗੁੰਮ ਸੁੰਮ,
ਬਰਕੱਲੀ ਦੀ ਗੱਲ ਨੂੰ ਚਿੱਥੇ
"ਹਿਕ ਗੱਲ ਦੱਸ ਚਾ

---

*ਬਰਕਲੇ ਨੂੰ ਰਾਵੀ ਦੇ ਲੋਕ ਬਰਕੱਲੀ ਆਖਦੇ ਸਨ
+ Thorough breed



Academy of the Punjab in North America: http://www.apnaorg.com

ਸਾਰੰਗਾ ! ਯਾਰਾ !
ਲਿਫ਼ ਜਾਵਾਂ ਜਾਂ ਟੁੱਟ ਜਾਂ
ਘੋੜੀ ਦੇ ਕੇ
ਗੋਰੇ ਨਾਲ ਯਾਰਾਨਾ ਪਾ ਲਾਂ
ਆਪੇ ਬਚ ਰਾਂ
ਕੁੱਲਾ ਵੀ ਬਚਾ ਲਾਂ"
ਸਾਰੰਗ ਖ਼ਾਂ ਸੀ ਦਿਲ ਦਾ ਭੋਲ਼ੀ
ਹੱਸ ਕੇ ਬੋਲਿਆ
"ਤੇਰੇ ਅੰਦਰ ਕੀ ਐ ?
ਤੂੰ ਦੱਸ ਦਾ ਸਿਰਦਾਰਾ"
"ਮੇਰੇ ਦਿਲ ਨੂੰ
ਤੂੰ ਵੀ ਜਾਣੇਂ
ਪਰ ਨ ਜਾਣੇ
ਤੂੰ ਫ਼ਰੰਗੀ ਵਾਲੀਆਂ ਚਾਲਾਂ
ਆਖੇ ! (ਸਾਵੀ ਨੂੰ ਹਿੱਕ ਥਾਪੀ ਦੇ ਕੇ)
"ਇਹ 'ਸਾਵੀ' ਮੇਰੀ ਆਣ ਏਂ ਵੀਰਾ !
ਦੇਸ ਪੰਜਾਬ ਦੀ ਏਸ ਧੀ ਦੀ
ਪੂਛਲ ਦਾ ਹਿੱਕ ਵਾਲ
ਲੱਖਾਂ ਗੋਰੀਆਂ ਰੰਨਾਂ ਤੋਂ ਵੀ
ਕਦੇ ਨ ਮੈਂ ਵਟਾਸਾਂ
ਗੋਰੇ ਅੱਗੇ ਲਿਫ਼ਣਾ ਕਾਹਦਾ ?
ਹੱਸ ਕੇ ਮੈਂ ਟੁਟ ਜਾਸਾਂ
ਸੱਪਾਂ ਨਾਲ ਯਾਰਾਨਾ ਕਾਹਦਾ ?
ਸਾਰੰਗਾ ਯਾਰਾ !"
"ਹੱਕ ਐ ਸੁਹਣਿਆ !"
ਸਾਰੰਗ ਖ਼ਾਂ ਨੇ ਨਾਅਰਾ ਮਾਰਿਆ
"ਪਰ ਮੁੜ ਤਾਂ ਵੀ
'ਰਾਵੀ' ਦੇ ਅਣਖੀ ਨ-ਵਿਕਿਆਂ ਮਰਦਾਂ ਨਾਲ
ਬਾਤ ਤੇ ਪਾਈਏ
ਨਾਲ ਰਲਾਈਏ
ਫ਼ੌਜ ਫ਼ਰੰਗੀ ਵਾਲੀ ਨਾਲ
ਮੁੜ ਮੱਥਾ ਲਾਈਏ ।"



Academy of the Punjab in North America: http://www.apnaorg.com

"ਸੱਚ ਆਖੇਂ
ਤੇਰਾ ਬੱਚਾ ਜੀਵੇ ਸ਼ਾਲਾ
'ਸਾਰੰਗ ਖ਼ਾਨਾ' !"
ਨਾਬਰੀ ਵਾਲੇ
ਕੁਲ ਸਿਰਦਾਰਾਂ ਦੇ ਹਿੱਕ ਇਕੱਠ ਵਿਚ
ਅਹਿਮਦ ਖ਼ਾਂ ਨੇ ਖੋਲ੍ਹ ਸੁਣਾਈ
ਲਿਫ ਜਾਣ ਵਾਲੀ
ਟੁੱਟ ਜਾਣ ਵਾਲੀ
ਸਾਰੀ ਗੱਲ ਵਿਖਾਈ

ਸਾਰੇ ਸੋਚੀਂ ਪੈ ਗਏ
ਦੰਦੀਂ,
ਤੀਲੇ ਦੇ ਕੇ ਚਿੱਥਣ ਲੱਗ ਪਏ
ਮੁੜ ਹਿੱਕ ਸਿਆਣਾ ਉੱਠਿਆ
ਮੁੱਛਾਂ ਨੂੰ ਤਾਅ ਦੇ ਕੇ ਬੋਲਿਆ
"ਜਿਸਰਾਂ ਮੱਝੀਂ ਡੁੱਬਣਾ ਮਿਹਣਾ
ਉਸਰਾਂ ਮਰਦਾਂ
ਨੱਸਣਾ ਛੱਡ ਮੈਦਾਨ।
ਅੱਜ ਗੋਰੇ ਨੇ ਘੋੜੀ ਮੰਗੀ
ਕੱਲ੍ਹ ਜੇ ਡੋਲਾ ਮੰਗਸੀ
ਕੇ ਅਸੀਂ ਦੇ ਦੇਸਾਂ ?
ਗੱਲ ਦੇ ਮੁੱਢ ਨੂੰ ਵੱਢੀਏ
ਅੱਗੇ ਗੱਲ ਨ ਹੋਰ ਵਧੇ
ਦੁਸ਼ਮਨ ਨਾਲ ਯਰਾਨਾ ਕਾਹਦਾ ?
ਕਾਹਨੂੰ ਲਿਫਣਾ ?
ਹਿੱਕ ਦਿਨ ਜੋ ਘੜਿਆ ਸੋ ਭੱਜਸੀ
ਜੋ ਜੰਮਿਆ ਸੋ ਮਰਸੀ
ਮੁੜ ਕਿਉਂ ਚਿੜੀਆਂ ਵਾਗੂੰ ਮਰਨਾ ?
ਦੁਸ਼ਮਨ ਨੂੰ ਕਾਈ ਖੇਡ ਵਿਖਾਦੀਏ
ਬੰਦੇ ਟੁਰ ਵੰਦਦੇ, ਪਰ ਗੱਲਾਂ
ਖਲੀਆਂ ਰਹਿੰਦੀਆਂ ਨੇ
ਚੰਗੀਆਂ ਛੱਡ ਕੇ ਜਾਈਏ।"
"ਹੱਕ !"



Academy of the Punjab in North America: http://www.apnaorg.com

"ਆਹੋ !"
"ਚਿੱਟੇ ਚੰਮ ਵਾਲੇ ਬਾਂਦਰ ਨੂੰ
ਤੁਰੰਤ ਦਿਓ ਜੁਆਬ
ਤੇ ਫੜ੍ਹ ਲਓ
ਸਭ ਆਪਣੇ ਹਥਿਆਰ !"
'ਨੀਲੀਆਂ', 'ਸਾਵੀਆਂ', 'ਬੱਕੀਆਂ' ਨੇ
ਕਨੌਤੀਆਂ ਮੇਲੀਆਂ
ਜੁੱਸੇ ਕੱਸ ਲਏ ਵਾਂਗ ਕਮਾਨ
ਬੱਧੀਆਂ ਰੱਸੇ ਪਈਆਂ ਤੁੜਾਣ
ਫੁਰਕੜੇ ਮਾਰਨ, ਪੌੜਾਂ ਨਾਲ ਜਿਮੀਂ ਪਈਆਂ ਪਾੜਨ
ਉਧਰੋਂ ਹਿਣਕਣ ਨਰ
ਅੱਜ ਨਿਤਰਨ ਦੇ ਵੇਲੇ ਢੁੱਕੇ ਆਣ
ਜੂਹ 'ਰਾਵੀ' ਦੇ ਸੂਰਮਿਆਂ ਆਕੜਾਂ ਭੰਨੀਆਂ
ਅੱਖਾਂ ਦੇ ਵਿਚ ਗ਼ੈਰਤ ਵਾਲੇ ਸੂਹੇ ਡੋਰੇ ਜਾਗੇ
ਢਿੱਲੀਆਂ ਧੌਣਾਂ ਆਕੜ ਗਈਆਂ
ਉਂਗਲਾਂ ਨੇ ਮੁੱਛਾਂ ਨੂੰ ਦਿੱਤੇ ਤਾਅ
ਤੇ ਘੁੱਟ ਕੇ ਫੜ੍ਹ ਲਈਆਂ ਚਾ ਸਾਂਗਾਂ

ਅਹਿਮਦ ਖ਼ਾਂ ਦੇ ਮੁੱਖ ਤੇ
ਖ਼ੁਸ਼ੀ ਦੀ ਲਾਲੀ
ਚਾਰ ਚੁਫੇਰੇ ਹੱਸਦੀਆਂ ਅੱਖਾਂ ਦੇ ਨਾਲ ਵੇਖੇ
ਆਖੇ !
"ਹੱਕ ਏ ਸੁਹਣਿਓਂ ਸੰਗੀਓ !
ਅੱਲ੍ਹਾ ਪਾਕ ਤੇ ਕਮਲੀ ਵਾਲੇ ਦੀ ਬਰਕਤ
ਮਦਦ ਨਾਲ ਅਸਾਡੇ
'ਰਾਵੀ' ਜੂਹ ਸ਼ੇਰਾਂ ਦੀ
ਜੀਮੀਂ ਸਾਡੀ ਮਾਂ
ਰੱਬ ਸੱਚੇ ਦੀ ਸਹੁੰ
ਜੋ ਅੱਖ ਅੰਧਰ ਉਠਸੀ
ਕੱਢਸਾਂ
ਜੋ ਹੱਥ ਆਉਸੀ
ਵੱਢਸਾਂ



Academy of the Punjab in North America: http://www.apnaorg.com

'ਰਾਵੀ' ਦੇ ਜੰਮਪਲ
ਮੱਖਣਾਂ ਮਿਸਰੀਆਂ ਦੀਆਂ ਚੂਰੀਆਂ ਖਾ ਖਾ ਜਰਤੇ ਹੋਏ
ਤ੍ਰਿਖੀ ਤੇਜ਼ ਹਵਾ ਤੋਂ ਤ੍ਰਿਖੇ
ਘੋੜਿਆਂ ਘੋੜੀਆਂ ਉੱਤੇ ਹੋਨੇ ਕੱਸੇ
ਸਾਂਗਾ ਲਵੇ ਸੰਭਾਲ
ਮੈਂ ਗੋਰੇ ਨੂੰ ਆਵਾਂ ਦੇ ਜੁਆਬ
ਮੈਂ ਆਵਾਂ ਯਾ ਮੁੜ ਨ ਆਵਾਂ
ਉੱਕੀ ਨਹੀਂ ਪਰਵਾਹ, ਸੰਗੀਓ !
ਭਾਹਾਂ ਯੁੱਧ ਪਵੇ
ਯਾਂ ਮੁੜ ਅਸੀਂ ਜਿਊਂਦੇ ਰਹੀਏ
ਯਾਂ ਅੰਗਰੇਜ਼ ਰਵ੍ਹੇ ।"
'ਬਰਕੱਲੀ' ਪਿਸਤੌਲ ਤੇ ਮਾਰੇ ਹੱਥ
ਤੇ ਆਖੇ
"ਅਹਿਮਦ ਜਹਿਲ ਜੋ ਮੰਨ ਜਾਏ
ਫਿਰ ਸਭ ਠੀਕ ਹੈ
ਹਮਾਰੀ ਉਸ ਕੀ ਸੁਲਹ
ਵਿਚ ਹਮਾਰੀ ਮਾਤਹਿਤੀ ਵੱਸੇ
ਵਰਨਾ ਬਚ ਨ ਜਾਨੇ ਪਾਏ
ਉਸ ਕੇ ਖੋਹ ਲੈਣੇ ਹਥਿਆਰ
ਖ਼ਾਲੀ ਖੀਂ
ਪੇਸ਼ ਹਮਾਰੇ ਕਰਨਾ
ਜਬ ਹਮ ਸਿਗਨਲ ਦਿਆਂਗਾ
ਉਸ ਕੇ ਟੋਟੇ ਕਰ ਦਿਓ ਚਾਰ
ਕੰਧਾਂ ਲਓ ਸ਼ਿੰਗਾਰ
ਉਸ ਕੇ ਸਾਰੇ ਸਾਥੀ
ਸਭ ਛੱਡਣੇ ਹੈਂ ਕੱਪ
ਮੁੱਕੇ ਰੋਜ਼ ਦੀ ਖੱਪ, ਸਿਪਾਹੀਓ !"

ਓਸ ਸਵੇਰੇ
ਵਿਚ ਨਮਾਜ਼ ਫ਼ਜਰ ਦੀ
ਅਹਿਮਦ ਖ਼ਾਂ ਨੇ ਲੰਮਾ ਸਿਜਦਾ ਦਿੱਤਾ
ਆਖੇ



Academy of the Punjab in North America: http://www.apnaorg.com

''ਮੌਲਾ
ਤੂੰ ਈ ਖ਼ਾਲਿਕ
ਤੂੰ ਈ ਮਾਲਿਕ
ਸਭ ਤੇਰੀ ਵਡਿਆਈ
ਬੰਦਾ ਸ਼ੈ ਨ ਕਾਈ
ਤੂੰ ਈਂ ਇੱਜ਼ਤਾਂ ਰੱਖਣ ਵਾਲਾ
ਸ਼ਰਮਾਂ ਰੱਖਣ ਵਾਲਾ
ਤੂੰ ਮੇਰਾ ਰਖਵਾਲਾ ਮੌਲਾ !
ਤੂੰ ਈ ਮੈਨੂੰ
ਵਿਚ ਹਯਾਤੀ ਇੱਜ਼ਤ ਦਿੱਤੀ
ਮੌਤ ਵੀ ਇੱਜ਼ਤ ਵਾਲੀ ਦੇਵੀਂ
ਮੇਰੀ ਜੂਹ ਦਾ
ਤੂੰ ਰਖਵਾਲਾ
ਮੌਲਾ ਸ਼ਰਮਾਂ ਰੱਖੀਂ !''
'ਸਾਵੀ'
ਨੂੰ ਕੰਡਿਆਲਾ ਦੇ ਕੇ
ਉੱਤੇ ਹੰਨਾ ਕੱਸੇ
ਚੁੰਮੇ ਉਹਦਾ ਮੂੰਹ ਤੇ ਆਖੇ
''ਕਾਬੁਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ
ਘੋੜੇ ਤੇ ਮਰਦਾਂ ਨੂੰ
ਪੈਂਦੇ ਰਹਿਣ ਮਦਾਨ
ਉੱਕੇ ਨ ਘਬਰਾਣ ।''
ਆਖੇ
''ਸਾਵੀਏ !
ਆਖਿਆ ਸੁਣਿਆ ਬਖ਼ਸ਼ੀਂ
ਅੱਜ ਤੇਰੀ ਤੇ ਮੇਰੀ ਇੱਜ਼ਤ ਸਾਂਝੀ
ਰਾਠਾਂ ਵਾਂਗ ਨਿਭਾਸਾਂ, ਮੈਂ ਵੀ
ਤੂੰ ਵੀ, ਨਰਾਂ ਦੇ ਵਾਂਗ ਨਿਭਾਈਂ
'ਸਾਵੀਏ' ! ਸੁਹਣੀਏ ! ਉੱਕਾ ਨ ਘਬਰਾਈਂ ।''
ਅਹਿਮਦ ਖ਼ਾ ਮਠੇ ਦਾ ਛੰਨਾ ਪੀ ਕੇ
ਮੁੱਛਾਂ ਪੂੰਝੀਆਂ
ਮੂੜ ਦਿੱਤੇ ਸੂ ਤਾਅ



Academy of the Punjab in North America: http://www.apnaorg.com

ਸੁੱਤੇ ਪੁੱਤ ਨੂੰ ਵੇਖ ਕੇ ਹੱਸਿਆ
ਸੱਦ ਕੇ ਕੋਲ ਸੁਆਣੀ ਆਪਣੀ
ਆਖੇ
''ਹਿੱਕ ਦਿਨ
ਜੋ ਜੰਮਿਆ ਸੋ ਮਰਸੀ
ਜੋ ਘੜਿਆ ਸੋ ਭੱਜਸੀ
ਮਰਨਾ ਐ ਬਰਹੱਕ !
ਝੱਲੀਏ ! ਰੋਣਾ ਕਾਹਨੂੰ ?
ਪੀਰ ਪੈਗੰਬਰ ਔਲੀਆ ਸਾਰੇ
ਆਪਣੇ ਆਪਣੇ ਕੱਟ ਦਿਹਾੜੇ
ਓੜਕ ਪਰਦਾ ਕਰ ਗਏ
ਮੌਤ ਦੇ ਹੱਥੋਂ
ਕਿਸੇ ਦੀ ਨਹੀਂ ਖ਼ਲਾਸੀ
ਜਿਸ ਦਾ ਜਦ ਸੱਦਾ ਆ ਜਾਵੇ
ਉਹੋ ਹੀ ਤੁਰੰਤ ਤਿਆਰ
ਰੋਵੇ ਭਾਵੇਂ ਹੱਸੇ
ਉੱਕੀ ਨਹੀਂ ਖਲਿਆਰ
ਸਾਡੇ ਜੇਹੇ ਗੁਨਾਹੀ ਨੂੰ ਜੇ
ਛੇਤੀ ਸੱਦਾ ਆਵੇ
ਬੰਦਾ ਖ਼ੁਸ਼ੀ ਮਨਾਵੇ
ਜੋ ਲਿਖਿਆ ਸੋ ਪੂਰਾ ਹੋਸੀ ।

ਕਰਮਾਂ ਵਾਲੀਏ !
ਜਦ ਜਾਣਾ ਬਰਹੱਕ
ਜਦ ਘੜੀ ਉਹ ਅੰਦਰ ਵਾਲੀ
ਬਾਹਰ ਮੂਲ ਨ ਆਵੇ
ਮੁੜ ਬੰਦਾ ਮਰਦਾਂ ਦੇ ਵਾਂਗੂ
ਕਿਉਂ ਨ ਹੱਸਦਾ ਜਾਵੇ
ਅਸੀਂ ਤੇ ਮੁਲਖ ਪੰਜਾਬ ਦੇ ਪੁੱਤਰ
'ਰਾਵੀ' ਦੇ ਫਰਜ਼ੰਦ
ਜੰਮਦਿਆਂ ਸਾਡਿਆਂ ਸਿਰਾਂ ਦੇ ਸੌਦੇ
ਕਿੰਨੀ ਵਾਰੀ ਹੋ ਗਏ ।



Academy of the Punjab in North America: http://www.apnaorg.com

ਹਿੱਕ ਘੋੜੀ ਹਿੱਕ ਸਾਂਗ
ਹਿੱਕ ਅਸਾਡੀ ਪੱਗ
ਕੁਲ ਸਾਡੇ ਹਥਿਆਰ
ਸਿਰ ਤੇ ਪੱਗ ਵੀ ਉਹੋ ਈ ਬੰਨ੍ਹਸੀ
ਜਿਸ ਦੀ ਆਣ ਜਿਊਂਦੀ
ਸਾਡੀ ਘੋੜੀ ਸਾਂਗ ਐ ਸਾਡੀ ਆਣ
ਸਾਡੀ ਭੋਇੰ ਐ ਮਾਂ, ਸਾਡੀ ਜਾਨ
ਸਾਡੇ ਲਈ ਆਣ ਤੇ ਜਾਨ 'ਚ ਫਰਕ ਨਾ ਕਾਈ
ਤੇ ਹੋਵੇ ਵੀ ਕਿਸਰਾਂ ?
ਅਸਾਂ ਤੇ ਆਪਣੀਆਂ ਮਾਵਾਂ ਦੇ
ਪੂਰੇ ਪੀਤੇ ਨੇ ਦੁੱਧ
ਉਹ ਦੁੱਧ
ਸਾਡੀਆਂ ਨਾੜਾਂ ਦੇ ਵਿਚ ਢੋਲ ਵਜਾਏ
ਅੱਜ ਮਾਂ ਤੇ ਔਖਾ ਵੇਲਾ
ਉਹਦੇ ਦੁੱਧ ਦਾ ਮੁੱਲ ਪਾਵਣ ਦਾ
ਪਹਿਰ ਏ ਢੁੱਕਾ ਆਣ
ਹਾਜ਼ਿਰ ਮੇਰੀ ਜਾਨ
ਕਰਮਾਂ ਵਾਲੀਏ !
ਰੋਣ ਦੀ ਥਾਂ ਅੱਜ ਹੱਸ
ਮਾਂ ਦਾ ਗੌਂ ਅੱਜ ਜੱਸ
ਅੰਦਰੋਂ ਕੱਢ ਮੇਰੀ ਕੋਈ ਪੱਗ ਨਵੀਂ
ਤੇ ਸੂਹਣੇ ਸੁਥਰੇ ਲੀੜੇ
ਸਭ ਤੋਂ ਚੰਗੀ ਸਾਂਗ
ਨਵੀਂ ਜੇਹੀ ਤਲਵਾਰ
ਅੱਜ ਰਾਠਾਂ ਨੇ ਜੰਗੇ ਜਾਣਾ
ਖੌਰੇ ਮੁੜ ਨਈਂ ਆਉਣਾ
ਭਲੀਏ !
ਜੇ ਮੈਂ ਮੁੜ ਨ ਆਇਆ
ਵੈਣ ਨ ਘੱਤੀਂ
ਮੇਰੇ ਸੂਹਣੇ ਪੁੱਤਰ ਦੇ ਸਿਰ ਬੰਨ੍ਹੀਂ
ਮੇਰੀ ਪੱਗ ਪੁਰਾਣੀ
ਉਹਨੂੰ ਆਖੀਂ



Academy of the Punjab in North America: http://www.apnaorg.com

ਰਾਠਾਂ ਲਈ ਲਿਫਣਾ ਮਿਹਣਾ ਏਂ
ਗੋਰੇ ਦੀ ਗ਼ੁਲਾਮੀ ਨਾਲੋਂ
ਮਰਨਾ ਚੰਗਾ
ਜਿਹੜੀ ਜੰਗ ਮੈਂ
ਗੋਰੇ ਦੇ ਨਾਲ ਛੋਹ ਕੇ ਜਾਸਾਂ
ਉਹ ਨੂੰ ਉਹ ਨਿਭਾਸੀ
ਤੋੜ ਚੜ੍ਹਾਸੀ
ਬੱਲ੍ਹੋ ਦਾ ਬੱਲ੍ਹਾ ਨ ਹੋਵੇ
ਮੱਥੇ ਫੁੱਲੀ ਹੋਸੀ
ਮੇਰਾ ਪੁੱਤਰ
ਪਿਊ ਦੀ ਗੱਲ ਵਿਆਹੇ
ਰਾਠਾਂ ਵਾਂਗੂ ਵੱਸੇ
ਅਹਿਮਦ ਖ਼ਾਂ ਦਾ ਪੁੱਤਰ ਵੀ ਤੇ
ਅਹਿਮਦ ਖ਼ਾਂ ਬਣ ਦੱਸੇ ।

ਸਾਨ੍ਹਾਂ ਨੂੰ ਨਈਂ ਨੱਥਾਂ ਪੈਂਦੀਆਂ
ਸ਼ੇਰਾਂ ਉੱਤੇ ਨਈਂ ਸਵਾਰੀ ਹੁੰਦੀ
ਅਹਿਮਦ ਖ਼ਾਂ ਦਾ ਸਿਰ ਨਈਂ ਲਿਫਿਆ
ਭਾਵੇਂ ਟੋਟੇ ਹੋ ਗਏ
ਬਰਕੱਲੀ ਵੀ
ਸਾਂਗਾਂ ਛਾਨਣੀ ਕੀਤਾ
ਜੋ ਸਾਵੀ ਦਾ ਹੰਨਾ ਖ਼ਾਲੀ
ਸ਼ਾਹੀ ਲਹੂ ਦੀ ਧਾਰੋਂ-ਬੂੰਦ ਦੀ ਨਵੀਂ ਸਪਾਟ ਵੀ ਰੰਗੀ ਹੋ ਗਈ
'ਰਾਵੀਆ' ਯਾਰਾ !
ਧੀਆਂ ਦੇ, ਜਗੀਰਾਂ ਲੈਣੀਆਂ
ਨਾਮਰਦਾਂ, ਬੇ-ਗ਼ੈਰਤਾਂ, ਚਿਤ੍ਰੂਆਂ ਦਾ ਸ਼ੇਵਾ ਏ
ਸਾਰੇ ਵਰਕੇ ਫੋਲ ਕੇ ਵੇਖ ਲੈ
ਅਸਾਂ ਤੇ
'ਸਾਵੀਆਂ' ਤੋਂ ਸਿਰਾਂ ਦੇ ਸੌਦੇ
ਕੀਤੇ ਹੈਣ ਹਮੇਸ਼ਾ
ਜ਼ੁਲਮ ਦੇ ਅੱਗੇ ਲਿਫਣਾ ਮਿਹਣਾ
ਹੱਸ ਕੇ ਸਿਰ ਕਟਾਈਦੇ


Academy of the Punjab in North America: http://www.apnaorg.com

ਝੁੱਗੇ ਨਾਲ ਲੁਟਾਈਦੇ
ਲੰਮੇ ਨਾਂ ਕਮਾਈਦੇ
ਕਿੰਨੇ ਹੋਰ ਗਿਣਾਵਾਂ ?

o

ਅਸੀਂ ਪੰਜਾਬੀ
ਇਕ ਤ੍ਵਾਰੀਖ ਗਵਾਚੀ ਹੋਈ ਸਦੀਆਂ ਦੀ
ਇਕ ਮੁਕੱਦਸ ਪੋਥੀ ਦੇ
ਅਸੀਂ ਖਿੱਲਰੇ ਵਰਕੇ
'ਵਾ ਵਿਚ ਉੜਦੇ ਫਿਰਦੇ ਵਰਕਿਆਂ ਉੱਤੇ
ਜਗਦੇ ਬਲਦੇ ਅੱਖਰ
ਅੱਖਰਾਂ ਵਿਚ ਮਰਦਾਈ ਵਾਲੇ
ਕਿੰਨੇ ਬਲਦੇ ਸੂਰਜ
ਰਾਵੀਆ, ਦੁਸ਼ਮਨਾ !
ਅਸੀਂ ਰਾਠ ਬਹਾਦਰ
ਲੰਮੇ ਕੱਦ ਤੇ ਚੌੜੇ ਸੀਨੇ
ਅੱਖਾਂ ਸੂਰਜ
ਮੱਥਾ ਪੂਰਾ ਚੰਨ
ਲਹੂ ਵਿਚ ਬਲਦੀ ਅੱਗ ਗ਼ੈਰਤ ਦੀ
ਅੱਖ ਵਿਚ ਸ਼ਰਮ ਜਿਊਂਦੀ
ਚਿਹਰਾ ਸੁਹਣਾ ਦਿਲ ਵੀ ਸੋਹਣਾ
ਸੁਹਣੇ ਸਾਡੇ ਕੰਮ
ਜਿਧਰੋਂ ਲੰਘੀਏ
ਸੱਜਣ ਦੁਸ਼ਮਨ ਸਾਨੂੰ ਮੁੜ ਮੁੜ ਵੇਖਣ
ਅਸੀਂ ਪੰਜਾਬੀ !
ਦੁਨੀਆ ਦੇ ਜਿਸ ਹਿੱਸੇ ਵਿਚ ਵੀ ਫਿਰਦੇ ਹੋਈਏ
ਜਾਣੇ ਜਾਈਏ
ਚਾਰ ਚੁਫੇਰਾ
ਆਲ ਦੁਆਲਾ
ਸਾਨੂੰ ਵੇਖੇ !
ਸਾਥੋਂ ਵਧ ਨ ਦੁਨੀਆ ਅੰਦਰ
ਕੋਈ ਕੌਮ ਬਹਾਦਰ, ਰਾਠ ਤੇ ਸੁਹਣੀ
ਅੱਜ ਨਿਮਾਣੇ !



Academy of the Punjab in North America: http://www.apnaorg.com

ਅਸੀਂ ਪੰਜਾਬੀ
ਬਾਜ਼ ਸਾਂ
ਅੱਜ ਕਾਵਾਂ ਵਿਚ ਕੋਦਿਲ
ਅਸੀਂ ਪੰਜਾਬੀ
ਆਪੇ ਹੀ ਆਪਣੀ ਜਿੱਤ ਹਾਂ
ਆਪੇ ਹੀ ਆਪਣੀ ਹਾਰ ਹਾਂ
ਜਿੱਤੇ ਸਾਂ ਪਰ ਉਖੜ ਗਏ
ਉੱਖੜ ਗਏ ਤੇ ਵੰਡੇ
ਬੁੱਢੀ ਅਕਲ ਤੇ ਚਾਂਦੀ ਰੰਗੇ ਵਾਲਾਂ ਉੱਤੇ
ਬੱਤੀ ਵਰ੍ਹੇ ਪੁਰਾਣਾ ਜਾਲ੍ਹਾ
ਉਂਗਲੀ ਦੰਦੀਂ ਦੱਬੀ ਬੈਠੀ
ਭੋਇੰ ਤੇ
ਤੀਲੇ ਨਾਲ ਲਕੀਰਾਂ ਖਿੱਚੇ
ਮੁੱਠ ਨਾਲ ਪਈ ਮਿਟਾਵੇ
ਕੰਮ ਨ ਆਏ ਪਈ ਵਡਿਆਈ
ਨਿਕਲ ਗਈ ਚਤੁਰਾਈ
ਬੁੱਢੀ ਅਕਲ ਵਿਚਾਰੀ
ਲੀਕਾਂ ਖਿੱਚੇ, ਲੀਕਾਂ ਪਈ ਮਿਟਾਵੇ
ਗੱਲ ਸਮਝ ਨ ਆਵੇ
ਡੇਹਰਾ ਬਾਬਾ ਨਾਨਕ ਅੰਦਰ
ਆਪੇ ਹੀ ਬਾਬਾ ਨਾਨਕ ਅੰਦਰ !!
ਬੁੱਢੀ ਅਕਲ ਹੈਰਾਨ ਵਿਚਾਰੀ !!!

੦

ਅਸੀਂ ਪੰਜਾਬੀ
ਅੱਜ ਨਿਮਾਣੇ
ਕੱਖੋਂ ਹੌਲੇ
ਵੱਢੇ ਹੋਏ ਸਰੀਰ ਦੇ ਟੋਟੇ
ਵੱਖੋ ਵੱਖ ਪਏ ਤੜਫਣ
ਹੌਣੀ ਹੌਲੀ ਹੌਲੀ ਹੱਸੀ ਜਾਵੇ
ਅੰਦਰ ਵਾਲੀ ਸ਼ੈ ਜਿਊਂਦੀ
ਹੌਲੀ ਹੌਲੀ ਮਰਦੀ ਜਾਵੇ
ਡਲ੍ਹਕਾਂ ਮਾਰਦਾ



Academy of the Punjab in North America: http://www.apnaorg.com

ਰੂਪ ਪੰਜਾਬ ਦਾ
ਖਿੰਡਿਆ, ਵੰਡਿਆ
ਫਿੱਕਾ ਪੈਂਦਾ ਜਾਵੇ
ਚੂੜੇ ਵਾਲੀ ਬਾਂਹ ਅੱਜ ਸੱਖਣੀ
ਸੰਦਲ ਮਹਿਕੇ ਵਾਲਾਂ ਵਿਚ ਸੁਆਹ
ਸਾਰਾ ਹਾਲ ਤਬਾਹ
ਕੁੜਤੀ ਲੁੰਡੀ
ਲੀਰਾਂ ਲੀਰਾਂ
ਪੱਗ ਤੇ ਚੁੰਨੀ
ਲੀਰਾਂ ਲੀਰਾਂ
ਇਕ ਜੁੱਸੇ ਦੀਆਂ ਸੱਧਰਾਂ, ਆਸਾਂ ਵਾਲੀਆਂ ਲੀਰਾਂ
ਯਾਦਾਂ ਦੇ ਕਿੱਕਰਾਂ ਦੀਆਂ ਸੂਲਾਂ ਉੱਤੇ ਟੰਗੀਆਂ
ਫਾਹੇ ਲੱਗੇ ਆਸ਼ਿਕਾਂ ਵਾਂਗੂ
ਅਨਲਹੱਕ ਦੇ ਨਾਅਰੇ ਮਾਰਨ
ਝੂਲਣ ਲੀਰਾਂ
ਕੁਝ ਅੰਦਰ
ਕੁਝ ਅੰਦਰ !
ਅੱਜ
ਪੰਜਾਬ ਦਾ
ਠਾਹ ਠਾਹ ਵਜਦਾ ਦਿਲ ਪਿਆ
ਹੌਲੀ ਹੌਲੀ
ਨਿੰਮ੍ਹਾ ਨਿੰਮ੍ਹਾ
ਧੜਕੇ
ਡੁਬਦਾ ਜਾਵੇ !!
ਉਂਜ ਤੇ
ਅਲਿਫ ਵਾਲੇ ਇਸ਼ਕ ਦੇ ਭਾਂਬੜ
ਮੱਚੇ ਹੋਏ ਨੇ
ਟੁੱਟੇ, ਡੁੱਬਦੇ ਦਿਲਾਂ 'ਚ
ਕਾਲੇ ਪੈਂਦੇ ਜਾਂਦੇ ਮਰਦੇ ਹੋਠਾਂ ਉੱਤੇ
ਨਾਮ ਦਾ ਜਾਪ ਜਿਊਂਦਾ
ਪਰ
ਫੱਟੜ ਹੋਏ ਜੁੱਸੇ ਵਿਚ



Academy of the Punjab in North America: http://www.apnaorg.com

ਠਾਠਾਂ ਮਾਰਦੀ, ਬਲਦੀ, ਲਿਸ਼ਕਦੀ ਰੱਤ
ਪਈ ਹੌਲੀ ਹੌਲੀ
ਠੰਢੀ ਹੁੰਦੀ ਜਾਵੇ
ਪੱਥਰ ਲੋਹੇ ਨੂੰ ਵੀ
ਪਿਘਲਾ ਦੇਣ ਵਾਲਾ
ਤੱਤਾ ਸਾਹ ਹਯਾਤੀ ਵਾਲਾ
ਹੁਣ ਅੜ ਅੜ ਆਵੇ ।
ਸੂਰਜ ਰੰਗੀਆਂ
ਜਗਦੀਆਂ ਬਲਦੀਆਂ ਮੋਟੀਆਂ ਅੱਖਾਂ
ਹੌਲੀ ਹੌਲੀ ਬੁੱਝਦੀਆਂ ਜਾਵਣ ।
ਰੰਗ ਬਰੰਗੇ ਫੁੱਲਾਂ, ਹਰੀਆਂ ਫ਼ਸਲਾਂ, ਜੰਨਤ ਵਾਲੀਆਂ ਛਾਵਾਂ
ਰੁੱਖਾਂ ਨੂੰ
ਪਿਆ ਸੋਕਾ ਖਾਵੇ
ਰੋਵਣ
''ਬਹੁੜੋ''
ਰੁੱਖ, ਮਨੁੱਖ ਤੇ ਪੰਜ ਦਰਿਆਵਾਂ ਦਾ ਪਾਣੀ
ਕੂਕੇ
ਬਹੁੜੋ
ਪੱਛ ਪੱਛ ਤੇ ਲਹੂ ਨਾਲ ਲਿਬੜੀ ਧਰਤੀ
ਕੂੱਕਾਂ ਮਾਰੇ
ਬਹੁੜੋ
'ਨੀਲੀ', 'ਸਾਵੀ', 'ਬੱਕੀ', ਤੇ 'ਲੈਲੇ' ਦੇ
ਖ਼ਾਲੀ ਹੰਨੇ
ਰੋਵਣ ਤੇ ਪੁਕਾਰਣ
''ਬਹੁੜੋ''
'ਰਾਵੀ' ਉਤੇ 'ਕਰਤਾਰਪੁਰ' ਵਿਚ
ਬੈਠੇ ਪਾਤਸ਼ਾਹੋ
ਬਹੁੜੋ
ਮੀਆਂ ਮੀਰ ਜੀ
ਬਹੁੜੋ
ਡੁੱਬਦੀ ਜਾਂਦੀ ਔਗੁਣਹਾਰ ਦੀ
ਫੜ ਕੇ ਬਾਂਹ ਬਚਾਓ



Academy of the Punjab in North America: http://www.apnaorg.com

ਬਹੁੜੋਂ
ਮੈਂ 'ਪੰਜਾਬ' ਦੇ ਉਜੜੇ ਘਰ ਦੀ
ਛੋਕੜ ਵਾਲੀ
ਕੂਕ ਹਾਂ
ਬਹੁੜੋ
ਆਪਣਾ ਰੂਪ ਵਿਖਾਓ
ਮੇਰਾ ਘਰ ਵਿਖਾਓ
ਬਹੁੜੋ !!!
ਬਹੁੜੋ !!



Academy of the Punjab in North America: http://www.apnaorg.com

## ਮਿੱਟੀ ਦੀ ਮਹਿਕ

o

ਕਰ ਬਿਸਮਿੱਲਾ ਖੋਲ੍ਹੀਆਂ ਮੈਂ ਗੰਢਾਂ ਚਾਲੀ
ਜਿਸ ਆਪਣਾ ਆਪ ਵੰਞਾਲਿਆ, ਸੋ ਸਿਰਜਣ ਵਾਲੀ

1.

ਇਕ ਤਸਵੀਰ ਬਣਾਉਣ ਲਈ
ਮੈਂ ਕਿਹੜਾ ਕਿਹੜਾ ਬੂਹਾ ਨਈਂ ਖੜਕਾਇਆ ?
ਕਿਧਰੋਂ ਕਿਧਰੋਂ ਫਿਰ ਨਈਂ ਆਇਆ ?
ਕਿਹੜਾ ਕਿਹੜਾ ਦੁੱਖ ਨਈਂ ਪਾਇਆ ?
ਚਾਲ੍ਹੀ ਵਰ੍ਹੇ ।
ਮੈਂ ਕਿਹੜਾ ਕਿਹੜਾ ਬੂਹਾ ਨਈਂ ਖੜਕਾਇਆ ।
ਕਿਹੜਾ ਕਿਹੜਾ ?
ਚਾਲ੍ਹੀ ਵਰ੍ਹੇ !!
ਮੈਂ ਸ਼ਾਇਰ
ਮੈਂ ''ਝੱਲਾ'', ''ਜਜ਼ਬਾਤੀ'', ''ਪਾਗਲ'',
ਇਹ ਕੀ ਨਾਂ ਨੇ ਮੇਰੇ ਲਈ !



Academy of the Punjab in North America: http://www.apnaorg.com

ਮੈਂ ਏਦੋਂ ਬਹੁਤ ਵਧੇਰਾ !!
ਬਹੁਤ ਵਧੇਰਾ !!
ਧਰਤੀ ਦੇ ਪਾਟੇ ਹੋਏ ਲੀਰੋ ਲੀਰ ਸਰੀਰ ਨੂੰ
ਵੇਖ ਕੇ ਰੋਂਦਾ
ਆਪਣੇ ਅੱਥਰੂਆਂ ਦੇ ਟਾਂਕੇ ਲਾ ਕੇ ਸਿਉਂਦਾ
ਪਾਗਲ ਸ਼ਾਇਰ !
ਧਰਤੀ ਦੇ ਦੁੱਧਾਂ ਨ੍ਹਾਤੇ ਮੱਖਣ ਵਰਗੇ
ਪਿੰਡੇ ਉਤੇ ਖਿੱਲਰੇ
ਕੋਹੜ ਗ਼ਲਾਜ਼ਤਾਂ ਤੇ ਬਦੀਆਂ ਦੀਆਂ ਢੇਰੀਆਂ
ਬੁੱਕ ਬੁੱਕ ਚੁਕਦਾ, ਬੁੱਕ ਬੁੱਕ ਹੂੰਦਾ !
ਮੂਰਖ ਸ਼ਾਇਰ !
ਇਨਸਾਨਾਂ ਦੀ ਕਿਸਮਤ ਵਾਲੇ ਕਾਲੇ ਵਰਕੇ,
ਆਪਣੀ ਸੂਹੀ ਲਿਸ਼ਕਦੀ ਰੱਤ ਨਾਲ ਧੋਂਦਾ,
ਜਜ਼ਬਾਤੀ ਸ਼ਾਇਰ !
ਆਪਣੇ ਆਲ-ਦੁਆਲੇ ਖਿੱਲਰੀ ਭੁੱਖ ਦੇ
ਦੁੱਖ ਵਿਚ ਕੁੜ੍ਹਦਾ
ਜਜ਼ਬਾਤੀ ਸ਼ਾਇਰ !
ਜ਼ੁਲਮ ਤੇ ਜਬਰ ਦੀਆਂ ਜ਼ੰਜੀਰਾਂ ਦੇ ਵਿਚ
ਜਕੜੀ ਹੋਈ ਇਨਸਾਨੀਅਤ ਲਈ ਤੜਫਦਾ
ਆਪਣੀਆਂ ਨਰਮ ਉਂਗਲਾਂ ਦੇ ਪੋਟਿਆਂ ਨਾਲ
ਜ਼ੰਜੀਰ ਦੇ ਲੋਹੇ ਨੂੰ ਤੋੜ ਦੇਣ ਦੀ ਆਸ 'ਚ
ਉਂਗਲਾਂ ਲਹੂ ਲੁਹਾਨ ਕਰਾ ਲੈਣ ਵਾਲਾ
ਕਮਲਾ ਸ਼ਾਇਰ ।
ਜੰਗਾਂ ਤੇ ਭੁੱਖਾਂ ਵਿਚ ਮਰਦੀ ਹੋਈ
ਦੁਨੀਆਂ ਲਈ, ਵੈਣ ਘਤੇਂਦਾ
ਸ਼ਾਇਰ !
ਹਨੇਰਿਆਂ ਦੇ ਵਿਚ ਦਮ ਦਮ
ਗੁੰਮ ਹੁੰਦੀ ਜਾਂਦੀ ਇਨਸਾਨੀਅਤ ਲਈ
ਚਾਨਣ, ਲੋਅ ਪਿਆ ਲਭਦਾ ਫਿਰਦਾ
ਫੂਈ ਫੂਈ 'ਕੱਠੀ ਕਰਦਾ ਫਿਰਦਾ
ਸ਼ਾਇਰ !
ਦੁਨੀਆਂ ਵਿਚ ਲੋਅ ਵਧਦੀ ਮੰਗੇ



Academy of the Punjab in North America: http://www.apnaorg.com

ਧਰਤੀ ਹੋਰ ਵੀ ਸੁਹਣੀ ਚਾਹੇ
ਇਨਸਾਨੀਅਤ ਸੁਖੀ ਵੱਸੇ
ਅਮਨ,
ਇਨਸਾਫ
ਸੱਚਾਈ,
ਹੁਸਨ,
ਪਿਆਰ ਦੀ ਲੋਅ, ਧਰਤੀ ਦੇ ਲੂੰ ਲੂੰ ਦੇ ਵਿਚ ਚਮਕੇ
ਧਰਤੀ ਲੋਅ ਨਾਲ ਦਮਕੇ
ਰੰਗ ਬਰੰਗੀਆਂ ਖ਼ਾਬਾਂ ਵੇਖੇ
ਜਾਗਦੀ ਅੱਖੀਂ ਸੁਫਨੇ ਵੇਖਣ ਵਾਲਾ
ਸ਼ਾਇਰ !
ਟੁੱਟੇ ਦਿਲ, ਪਾਟੇ ਹੋਏ ਲੀੜੇ
ਨੰਗੇ ਸਿਰ ਤੇ ਨੰਗੀਂ ਪੈਰੀਂ
ਹੰਝੂ ਭਰੀਆਂ ਅੱਖਾਂ ਦੇ ਨਾਲ
ਅਤਿ ਹਨੇਰਿਆਂ ਵਿਚ ਗਵਾਚਾ, ਸਹਿਮਿਆ
ਚੁੱਪ ਚੁਪੀਤਾ, ਟੁਰਿਆ ਫਿਰਦਾ
ਅੰਨ੍ਹਿਆਂ ਹੱਥਾਂ ਦਾ ਠੂਠਾ ਲੈ ਕੇ
ਸ਼ਾਇਰ ਕੱਲਾ !

2.

ਇਕ ਤਸਵੀਰ ਬਣਾਉਣ ਲਈ
ਮੈਂ ਕਿਹੜਾ ਕਿਹੜਾ ਬੂਹਾ ਨਹੀਂ ਖੜਕਾਇਆ ?
ਕਿਹੜਾ ਕਿਹੜਾ ਦੁੱਖ ਨਹੀਂ ਪਾਇਆ ?
ਆਪਣੇ ਘਰ ਦੀ ਜੰਨਤ ਛੱਡ ਕੇ
ਦੂਸਰਿਆਂ ਦੇ ਦੋਜ਼ਖ਼ ਸੜਿਆ !
ਦੂਸਰਿਆਂ ਦੀਆਂ ਪੀੜਾਂ ਉੱਤੇ
ਆਪਣਿਆਂ ਹੰਝੂਆਂ ਦੇ ਵਿਚ ਤਰਿਆ ।
ਦੂਸਰਿਆਂ ਦੀ ਚੁੱਪ ਦੇ ਦੁੱਖ ਵਿਚ
ਕਿੰਨੇ ਮੈਂ ਜਗਰਾਤੇ ਕੱਟੇ
ਦੂਸਰਿਆਂ ਨੂੰ ਪਿਆਰ ਵੰਡ ਕੇ
ਆਪੇ ਹੀ ਹਿਜਰ ਪਿਆਲੇ ਪੀਤੇ ।
ਦੂਸਰਿਆਂ ਨੂੰ ਲੋਅ ਦੇ ਕੇ ਮੈਂ



Academy of the Punjab in North America: http://www.apnaorg.com

ਆਪਣੇ ਘਰ ਹਨ੍ਹੇਰੇ ਕੀਤੇ ।
ਦੂਸਰਿਆਂ ਦੀ ਬਦਨਾਮੀ ਦੀ
ਝੋਲੀ ਪਾ ਲਈ ਅੱਗ।
ਦੂਸਰਿਆਂ ਦੇ ਨੰਗੇ ਸਿਰ ਨੂੰ ਕੱਜਿਆ
ਪਾੜ ਕੇ ਆਪਣੀ ਪੱਗ ।
ਮੇਰੀ ਅਤਿ ਹਨੇਰੀ ਰਾਹ ਵਿਚ
ਇਕ ਜੁਗਨੂੰ ਨ ਬਲਿਆ
ਚਾਰ ਚੁਫੇਰੇ
ਮੌਤ, ਉਜਾੜ, ਉਦਾਸੀ !

ਮੈਂ ਕੱਲਾ
ਅਣਜਾਣਿਆਂ, ਔਖੀਆਂ, ਕੰਡਿਆਂ ਭਰੀਆਂ ਰਾਹਾਂ ਉੱਤੇ
ਨੰਗੀਂ ਪੈਰੀਂ
ਖ਼ਾਲੀ ਠੂਠਾ ਹੱਥੀਂ ਫੜ ਕੇ
ਆਪਣੀ ਸੂਲੀ ਮੋਢੇ ਚੁੱਕ ਕੇ
ਮੈਂ ਟੁਰਿਆ
ਮੈਂ ਟੁਰਿਆ
ਕੱਲਾ ਚਾਲ੍ਹੀ ਵਰ੍ਹੇ !!
ਮੇਰੀ ਅੱਖ ਵਿਚ ਅੱਥਰੂ
ਮੇਰੇ ਲੀੜੇ ਪਾਟੇ
ਜੁੱਸਾ ਲੀਰੋ ਲੀਰ
ਰੂਹ ਤੇ ਅੰਦਰ ਤੀਕ ਝਰੀਟਾਂ
ਵਾਲਾਂ ਦੇ ਵਿਚ ਅੰਨ੍ਹਿਆਂ ਰਾਹਵਾਂ ਦਾ ਘੱਟਾ
ਪੈਰਾਂ ਵਿਚ ਸਭ ਫਿਙਤ ਗਈਆਂ, ਮੰਜ਼ਿਲਾਂ ਵਾਲੇ ਛਾਲੇ
ਮੂੰਹ ਤੇ ਮੌਸਮਾਂ ਵਾਲੇ ਅੰਨ੍ਹੇ ਜ਼ੋਰਾਵਰ ਹੱਥਾਂ ਦੀਆਂ ਖਿੱਚੀਆਂ ਲੀਕਾਂ
ਦਿਲ ਦੇ ਅੰਦਰ ਟੋਟੇ ਖੁੱਭੇ, ਕੱਚ ਜੇਹੇ ਟੁੱਟੇ ਪਿਆਰਾਂ ਦੇ
ਰੂਹ ਵਿਚ ਅੱਗ ਹਿਜਰ ਦੇ ਭਾਂਬੜ ਮੱਚੇ
ਅੱਖਾਂ ਵਾਲੀਆਂ ਇਹ ਚੜ੍ਹੀਆਂ ਨਦੀਆਂ ਕਦੇ ਨ ਲਹਿੰਦੀਆਂ
ਲਹੂ-ਲੁਹਾਨ ਹੱਥਾਂ ਦਾ ਸੱਖਣਾ ਠੂਠਾ
ਕਿਹੜਾ ਕਿਹੜਾ ਬੂਹਾ ਨਹੀਂ ਖੜਕਾਇਆ ?
ਕਿਹੜਾ ਕਿਹੜਾ ਦੁੱਖ ਨਹੀਂ ਪਾਇਆ ?



Academy of the Punjab in North America: http://www.apnaorg.com

ਮੰਗਣ ਗਿਆ ਸੁ ਮੋਇਆ
ਪਰ ਪਲ ਪਲ ਦੇ ਮਰਨ ਤੋਂ ਇੱਕੋ ਵਾਰੀ ਮਰਨਾ ਚੰਗਾ
ਆਪਣੀ ਜੰਨਤ ਦੇ ਵਿਚ ਸੌਣ ਤੋਂ ਬਹੁਤਾ ਚੰਗਾ
ਕਿਸੇ ਦੇ ਦੋਜ਼ਖ ਦੇ ਵਿਚ ਸੜਨਾ
ਪਲ ਪਲ ਸੁਫਨੇ ਟੁਟਦੇ ਵੇਖਣ ਨਾਲੋਂ
ਇੱਕੋ ਵਾਰੀ ਮਰਨਾ ਚੰਗਾ
ਇਕ ਸੁਫਨੇ ਨੂੰ ਸੱਚ ਦੇ ਲੀੜੇ ਪਾਉਣ ਲਈ
ਕੁਝ ਕਰਨਾ ਚੰਗਾ
ਕਰਦਿਆਂ ਕਰਦਿਆਂ ਮਰਨਾ ਚੰਗਾ
ਇਕ ਤਸਵੀਰ ਬਣਾਉਣ ਲਈ,
ਮੈਂ ਚਾਲ੍ਹੀ ਵਰ੍ਹੇ ਫ਼ਕੀਰੀ ਭੋਗੀ
ਇਕ ਤਸਵੀਰ ਦੀ ਖ਼ਾਹਿਸ਼ ਦੀ,
ਮੈਂ ਚਾਲ੍ਹੀ ਵਰ੍ਹੇ ਅਸੀਰੀ ਭੋਗੀ
ਚਾਲ੍ਹੀ ਵਰ੍ਹੇ ਮੈਂ ਟੁਰਦਿਆਂ ਠੇਡੇ ਖਾਂਦਿਆਂ ਦਿਨ ਢਿੱਠੇ
ਚਾਲ੍ਹੀ ਵਰ੍ਹੇ ਮੈਂ ਹਿਜਰ ਫ਼ਿਰਾਕ 'ਚ ਜਾਗ ਕੇ ਰਾਤਾਂ ਕੱਟੀਆਂ
ਚਾਲ੍ਹੀ ਵਰ੍ਹੇ ਮੈਂ ਅੰਨ੍ਹਿਆਂ ਹੱਥਾਂ ਵਾਲਾ ਠੂਠਾ ਠਾਂਹ ਨਹੀਂ ਰੱਖਿਆ
ਚਾਲ੍ਹੀ ਵਰ੍ਹੇ ਮੈਂ ਅੱਡੀ ਝੋਲੀ ਹੇਠਾਂ ਨੰਗਾ ਢਿੱਡ ਨਹੀਂ ਕੱਜਿਆ
ਚਾਲ੍ਹੀ ਵਰ੍ਹੇ ਫ਼ਕੀਰੀ ਭੋਗੀ
ਚਾਲ੍ਹੀ ਵਰ੍ਹੇ ਅਸੀਰੀ
ਇਕ ਤਸਵੀਰ ਬਣਾਉਣ ਲਈ ਮੈਂ

3.

ਇਕ ਤਸਵੀਰ ਬਣਾਉਣ ਲਈ
ਮੈਂ,
ਆਪਣੀ ਮਾਂ ਦਾ ਕਮਲਾ ਤੇ ਬੇ-ਹੁਨਰਾ
ਉਂਜ ਮਹਿੰਗਾ ਪੁੱਤਰ
ਦਰਦ ਫ਼ਿਰਾਕਾਂ ਵਾਲੇ ਘੱਟੇ ਦੇ ਵਿਚ ਭਰਿਆ,
ਟੁੱਟੇ ਦਿਲ, ਦੁੱਖਾਂ ਨਾਲ ਛਾਣਨੀ ਜੁੱਸੇ
ਜ਼ਖ਼ਮੀ ਪੈਰਾਂ, ਲਹੂ ਨਾਲ ਲਿਬੜੀਆਂ ਉਂਗਲਾਂ ਵਿਚ
ਸੱਖਣਾ ਠੂਠਾ ਲੈ ਕੇ
ਚਾਰੀਂ ਕੂਟੀਂ ਫਿਰਿਆ
ਜਿੱਥੇ ਮੇਰੀ ਰੱਤ ਡੁੱਲ੍ਹੀ



Academy of the Punjab in North America: http://www.apnaorg.com

ਉਹ ਰਾਹ ਪਏ ਚਮਕਣ
ਜਿੱਥੇ ਮੇਰਾ ਮੁੜ੍ਹਕਾ ਚੋਇਆ
ਉਹ ਚਾਰ-ਚੁਫੇਰਾ ਰੌਸ਼ਨ
ਮੈਂ ਜਿਹੜਾ ਬੂਹਾ ਖੜਕਾਇਆ
ਖੁੱਲ੍ਹਿਆ,
ਜੋ ਮੰਗਿਆ ਸੋ ਪਾਇਆ,
ਜੋ ਚਾਹਿਆ ਸੋ ਖੋਹਿਆ
ਜੋ ਚਾਹਿਆ ਸੋ ਆਂਦਾ

ਧਰਤੀ ਕੋਲੋਂ
ਮਹਿਕਾਂ ਜੰਮਣ ਵਾਲੀ ਕੁੱਖ ਮੰਗੀ
ਤੇ ਮੰਗਿਆ
ਪੈਰਾਂ ਹੇਠ ਲਿਤਾੜੇ ਜਾਣ ਤੇ ਮੱਥੇ ਵੱਟ ਨ ਪਾਵਣ ਵਾਲਾ
ਜਿਗਰਾ, ਹੌਂਸਲਾ ਤੇ ਵਡਿਆਈ।

ਸੂਰਜ ਕੋਲੋਂ
ਕੁਆਰੇ ਸਾਹਵਾਂ ਦੀ ਗਰਮੀ ਮੰਗੀ
ਨਾਲੇ ਫਸਲਾਂ, ਰੁੱਖਾਂ ਤੇ ਇਨਸਾਨਾਂ ਨੂੰ
ਜ਼ਿੰਦਗੀ ਬਖ਼ਸ਼ਣ ਵਾਲੀ ਧੁੱਪ
ਲਿਆਂਦੀ ਮੰਗ ਕੇ
ਨਾਲੇ ਮੰਗਿਆ, ਹੁਸਨ, ਇਨਸਾਫ਼, ਸੱਚਾਈ!
ਬਿਨ ਥੰਮ੍ਹਾਂ ਦੇ ਹੁਣੇ ਖਲੋਤੇ, ਚੌੜੇ ਜੇਹੇ ਅਸਮਾਨ ਤੋਂ
ਆਕੜ ਤੇ ਉਚਿਆਈ ਮੰਗੀ
ਨਾਲੇ
ਮੰਗਿਆ ਖਿਲਰਿਆ ਨੀਲਾ ਰੰਗ
ਸੱਤ ਸਮੁੰਦਰਾਂ ਕੋਲੋਂ
ਡੂੰਘ ਲਿਆਂਦਾ
ਤੇ ਸਾਹ ਘੁੱਟ ਕੇ ਮਾਰਨ ਵਾਲੀ
ਨੀਲੀ ਤਾਕਤ ਮੰਗੀ,
ਨਾਲੇ ਰੰਗ-ਬਰੰਗੇ ਮੋਤੀ ਤੇ ਉਹਨਾਂ ਦੀਆਂ ਚਮਕਾਂ ਲਈਆਂ
ਨਾਲੇ ਡੂੰਘੇ ਪਾਣੀਆਂ ਦੇ ਅੰਦਰ ਦੀ ਚੁੱਪ
ਤੇ ਚੁੱਪ ਦੇ ਸਾਰੇ ਰਾਗ
ਲਿਆਂਦੇ ਮੰਗ ਕੇ।



Academy of the Punjab in North America: http://www.apnaorg.com

ਦਰਿਆਵਾਂ ਤੋਂ
ਹੜ੍ਹਾਂ ਦਾ ਜ਼ੋਰ
ਤੇ ਪਿਆਸੀ ਭੋਇੰ ਦੀ ਪਿਆਸ ਬੁਝਾ ਕੇ
ਉਹਨੂੰ ਫੇਰ ਆਬਾਦ ਕਰਨ ਦੀ
ਚੰਗੀ ਆਦਤ
ਖੋਹ ਲਿਆਂਦੀ।

ਦਿਨ ਤੋਂ, ਲੋਅ
ਤੇ ਤੁਰੇ ਫਿਰਨ ਦਾ ਅੰਗ ਲਿਆਂਦਾ।
ਰਾਤ ਤੋਂ
ਕਾਲੀ, ਠੰਡੀ, ਲੁਕੀ ਤੇ
ਹਰ ਇਕ ਨੰਗ ਨੂੰ ਢਕਣ ਵਾਲੀ
ਸਿਫ਼ਤ ਲਈ
ਤੇ ਥੱਕਿਆਂ ਜਾਗਦਿਆਂ ਨੂੰ ਸੁਖ ਦੀ ਨੀਂਦਰ ਦੇਵਣ ਵਾਲੀ
ਰਹਿਮਤ ਲੈ ਲਈ।
ਚੰਨ ਤੋਂ
ਪੀਲਾ ਰੰਗ
ਤੇ ਨਾਲੇ ਪੀਲੀ ਪੀਲੀ, ਮੱਧਮ ਮੱਧਮ, ਠੰਡਕ ਖੋਹੀ
ਤਾਰਿਆਂ ਕੋਲੋਂ
ਕਾਲੀਆਂ ਰਾਤਾਂ ਨੂੰ, ਭੁੱਲੇ ਰਾਹੀਆਂ ਤਾਈਂ ਰਾਹ ਵਿਖਾਉਣ ਦੀ
ਝਿਲਮਿਲ ਝਿਲਮਿਲ ਕਰਦੀ
ਮਿਹਰ ਲਿਆਂਦੀ।
ਜੰਗਲਾਂ ਕੋਲੋਂ
ਉਨ੍ਹਾਂ ਦੇ ਅੰਦਰ ਦੇ ਸਾਰੇ ਲੁਕੇ ਨਵੇਂ ਨਿਵੇਕਲੇ
ਕਦੇ ਨ ਖੁਲ੍ਹਣ ਵਾਲੇ
ਭੇਤ ਲਿਆਂਦੇ।
ਹਵਾ ਕੋਲੋਂ
ਰੁੱਖਾਂ ਨੂੰ ਜੜ੍ਹਾਂ ਤੋਂ ਪੁੱਟ ਕੇ ਸੁੱਟ ਦੇਣ ਵਾਲੀ
ਮੂੰਹ ਜ਼ੋਰੀ
ਨਾਲੇ ਤਰੀ ਦੇ ਸੁਹਲ ਫੁੱਲਾਂ ਦੇ ਉੱਤੋਂ
ਹੌਲੀ ਹੌਲੀ ਲੰਘਣ ਵਾਲੀ
ਮਸਤੀ ਭਰੀ ਫਕੀਰੀ


Academy of the Punjab in North America: http://www.apnaorg.com

ਲੈ ਲਈ।
ਬਿਜਲੀ ਕੋਲੋਂ
ਕੜਕ
ਤੇ ਅੱਖਾਂ ਅੰਨ੍ਹਿਆਂ ਕਰ ਦੇਣ ਵਾਲੀਆਂ
ਲਿਸ਼ਕਾਂ ਲਈਆਂ।
ਬੱਦਲ ਕੋਲੋਂ
ਅਤਿ ਤ੍ਰਿਹਾਈ ਮਿੱਟੀ ਦੀ ਅੰਨ੍ਹੀ ਪਿਆਸ ਬੁਝਾਵਣ ਵਾਲੀ
ਨੇਕੀ ਲੈ ਲਈ।
ਚੜ੍ਹਦੇ ਡੁਬਦੇ ਸੂਰਜਾਂ ਕੋਲੋਂ
ਕਦੇ ਹਲਕੀ ਕਦੇ ਗਹਿਰੀ ਲਗਦੀ
ਸੁਰਖੀ ਖੋਹੀ
ਸਹਿਰਾਵਾਂ ਤੋਂ
ਹੈਬਤ ਤ੍ਰਹ
ਤੇ ਨਾਲੇ ਹਰ ਜ਼ੱਰੇ ਵਿਚ ਲੁਕੀ ਹੋਈ
ਵਡਿਆਈ ਖੋਹੀ
ਸਾਵਣ ਕੋਲੋਂ
ਸੁੱਧੇ ਮੀਂਹ ਦੇ ਛਰਲਾਟਿਆਂ ਵਾਲਾ
ਜਾਦੂ ਮੰਗਿਆ।
ਪੋਹ ਮਾਘ ਤੋਂ
ਨਿੰਮ੍ਹੀ ਨਿੰਮ੍ਹੀ, ਮਿੱਠੀ ਮਿੱਠੀ
ਜੁੱਸੇ ਖੱਲ੍ਹਣ ਵਾਲੀ
ਧੁੱਪ ਲਿਆਂਦੀ।
ਜੇਠ ਹਾੜ੍ਹ ਤੋਂ
ਤੱਤੀਆਂ ਗਰਮ ਦੁਪਹਿਰਾਂ ਦੇ ਵਿਚ
ਸਾੜਣ ਬਾਲਣ ਵਾਲੀ ਲੂਅ ਦੀ
ਗਰਮੀ ਮੰਗੀ।
ਪਿਓਆਂ ਕੋਲੋਂ
ਸੰਘਣਿਆਂ ਬੋਹੜਾਂ ਦੀ ਕੱਜਣ ਵਾਲੀ
ਠੰਡੀ ਛਾਂ ਲਿਆਂਦੀ
ਮਾਵਾਂ ਕੋਲੋਂ
ਪੀਰ, ਪੈਗੰਬਰ, ਔਲੀਆ, ਆਲਿਮ, ਫ਼ਾਜ਼ਿਲ ਫ਼ਲਸਫ਼ੀ, ਸ਼ਾਇਰ
ਤੇ ਦੂਜਿਆਂ ਇਨਸਾਨਾਂ ਦੀ



Academy of the Punjab in North America: http://www.apnaorg.com

ਹੱਯਾਤ ਨੂੰ ਅੱਗੇ ਟੋਰਨ ਵਾਲਾ ਦੁੱਧ
ਤੇ ਪਹਿਲੀਆਂ ਬੱਤੀ ਧਾਰਾਂ
ਮੰਗ ਲਿਆਂਦੀਆਂ
ਕੱਲਿਆਂ ਪੁੱਤਰਾਂ ਕੋਲੋਂ
ਬੇ-ਬਹਾ, ਅਣਮੁੱਲਾ
ਮੁੱਲ ਲਿਆਂਦਾ !
ਭੈਣਾਂ ਕੋਲੋਂ
ਵੀਰਾਂ ਤੋਂ ਕੁਰਬਾਨ ਹੋ ਜਾਵਣ ਵਾਲੀਆਂ
ਸੱਧਰਾਂ ਮੰਗੀਆਂ।
ਮੁਟਿਆਰਾਂ ਤੋਂ
ਸੁਫਨੇ ਮੰਗੇ
ਜਣਿਆਂ ਕੋਲੋਂ
ਆਕੜ, ਆਣ ਲਿਆਂਦੀ ਖੋਹ ਕੇ !
ਮਹਿਬੂਬਾਂ ਤੋਂ
ਨਖਰੇ ਮੰਗੇ
ਆਸ਼ਿਕਾਂ ਤੋਂ
ਜਗਰਾਤੇ ਲੈ ਲਏ।
ਫੱਕਰਾਂ ਕੋਲੋਂ
ਅਜਜ਼ ਲਿਆ
ਦਰਵੇਸ਼ਾਂ ਤੋਂ
ਬੇ-ਪਰਵਾਹੀ,
ਨਾਲੇ ਲਈ ਕਨਾਇਤ !
ਦੁਨੀਆ ਭਰ ਦੇ ਮਿਹਨਤਕਸ਼ਾਂ, ਮਜ਼ਲੂਮਾਂ,
ਹੱਕ ਲਈ ਮਰਦੇ, ਹੱਕ ਲਈ ਮਰ ਗਏ, ਦੁਖੀ ਹੋਏ
ਖ਼ਾਲੀ ਜੇਬਾਂ, ਟੁੱਟੇ ਦਿਲਾਂ ਤੇ
ਹੰਝੂ ਭਰੀਆਂ ਅੱਖਾਂ ਵਾਲੇ ਲੋਕਾਂ ਕੋਲੋਂ
ਉਨ੍ਹਾਂ ਦੇ ਸਾਰੇ ਡਿੱਗੇ ਹੋਏ ਅਥਰੂ
ਸਾਰੇ ਡਿੱਗਣ ਵਾਲੇ ਅਥਰੂ
ਲੈ ਲਏ।
ਦੁੱਧ ਤੋਂ
ਚਿੱਟਾ ਰੰਗ ਲਿਆ।
ਮੱਖਣ ਕੋਲੋਂ


Academy of the Punjab in North America: http://www.apnaorg.com

ਨਰਮੀ ਲਈ
ਸ਼ਹਿਦ ਤੋਂ
ਰੰਗ ਬਦਾਮੀ
ਨਾਲੇ ਲਈ ਮਿਠਾਸ !
ਫੁੱਲਾਂ ਕੋਲੋਂ
ਰੰਗ-ਬਰੰਗੇ ਰੰਗ ਤੇ ਮਹਿਕਾਂ ਮੰਗੀਆਂ
ਮੋਤੀਏ ਵਾਲੀ ਬੰਦ ਕਲੀ ਤੋਂ
ਅਣ-ਛਿੱਠੀ, ਕੁਆਰੀ ਸ਼ਰਮ ਮਾਸੂਮੀ ਵਾਲੀ
ਲੈ ਲਈ ।
ਰਾਤ ਦੀ ਰਾਣੀ ਕੋਲੋਂ
ਰਾਤਾਂ ਨੂੰ ਪਾਗਲ ਕਰ ਦੇਣ ਵਾਲੀ,
ਅਣਛਿੱਠੀ ਖ਼ੁਸ਼ਬੂਈ ਲਿਆਂਦੀ ।
ਛੂਈ ਮੂਈ ਤੋਂ
ਹੱਥ ਲਾਇੰਦਿਆਂ ਹੀ ਮਰ ਜਾਣ ਵਾਲੀ
ਲਾਜ ਲਿਆਂਦੀ !
ਸ਼ੇਰਾਂ ਕੋਲੋਂ
ਆਕੜ, ਬੇ-ਪਰਵਾਹੀ ਤੇ ਅਤਿ-ਦਲੇਰੀ
ਖੋਹ ਲਿਆਂਦੀ
ਚੀਤਿਆਂ ਕੋਲੋਂ
ਜੁੱਸੇ ਦੀ ਫੁਰਤੀ
ਤੇ ਲੱਕ ਦਾ ਪਤਲਾਪਨ ਲਿਆਂਦਾ
ਖ਼ੁਤਨ ਦੇ ਹਿਰਨਾਂ ਕੋਲੋਂ
ਨਾਫ਼ੇ ਵਾਲੀ ਮਹਿਕ ਦੀ ਮਸਤੀ
ਨਾਲੇ ਅੱਖ ਦਾ ਹੁਸਨ
ਲਿਆਂਦਾ !
ਬਾਜ਼ਾਂ ਕੋਲੋਂ
ਨਜ਼ਰਾਂ ਦੀ ਤੇਜ਼ੀ
ਨਾਲੇ ਸ਼ੌਕ ਉਡਾਰੀਆਂ ਉੱਚੀਆਂ ਵਾਲਾ
ਖੋਹ ਲਿਆਂਦਾ !
ਕੂੰਜਾਂ ਕੋਲੋਂ
ਪਤਲੀ ਧੌਣ ਲਿਆਂਦੀ !
ਬੁਲਬੁਲਾਂ ਕੋਲੋਂ



Academy of the Punjab in North America: http://www.apnaorg.com

ਨਰਮ ਸੁਰੀਲੀ 'ਵਾਜ ਲਿਆਂਦੀ।
ਕੋਇਲਾਂ ਕੋਲੋਂ
ਸਾਉਣ ਦੇ ਮੀਂਹ ਤੇ ਅੰਬੀਆਂ ਦੇ ਪੱਕਣ ਦੀ ਤਾਂਘ ਦੇ
ਹਾੜ੍ਹੇ ਮੰਗੇ
ਘੁੱਗੀਆਂ ਕੋਲੋਂ
ਅਮਨ ਪਸੰਦੀ ਲੈ ਲਈ !
ਚਿੜੀਆਂ ਕੋਲੋਂ
ਸਵੇਰੇ ਉੱਠ ਕੇ ਗਾਉਣ ਦੀ ਚੰਗੀ ਆਦਤ ਆਂਦੀ

4.

ਇਕ ਤਸਵੀਰ ਬਣਾਉਣ ਲਈ
ਮੈਂ
ਚਾਲ੍ਹੀ ਵਰ੍ਹੇ ਫਕੀਰੀ ਭੋਗੀ
ਚਾਲ੍ਹੀ ਵਰ੍ਹੇ ਅਸੀਰੀ
ਚਾਲ੍ਹੀ ਵਰ੍ਹੇ ਮੈਂ ਫਿਰਿਆ
ਚਾਲ੍ਹੀ ਵਰ੍ਹੇ ਮੈਂ ਜਾਗਦਿਆਂ ਅੱਖਾਂ ਵਿਚ ਕੱਟੇ
ਚਾਲ੍ਹੀ ਵਰ੍ਹੇ ਮੈਂ ਅੰਨ੍ਹਿਆਂ ਹੱਥਾਂ ਵਾਲਾ ਠੂਠਾ ਠਾਂਹ ਨਹੀਂ ਰੱਖਿਆ।
ਚਾਲ੍ਹੀ ਵਰ੍ਹੇ ਮੈਂ ਅੱਡੀ ਝੋਲੀ ਹੇਠਾਂ ਨੰਗਾ ਢਿੱਡ ਨਹੀਂ ਕੱਜਿਆ।
ਪਾਗਲ ਹਵਾਵਾਂ ਵਾਂਗੂ ਚਾਰੀਂ ਕੂੰਟੀਂ ਫਿਰਿਆ।
ਧਰਤੀ ਉੱਤੇ ਤ੍ਰੇਲ ਦੇ ਵਾਂਗੂ ਮੇਰੀ ਰੱਤ ਦਾ
ਕਤਰਾ ਕਤਰਾ ਕਿਰਿਆ।
ਖੋਜ ਦੀਆਂ ਅੰਨ੍ਹੀਆਂ ਰਾਹਵਾਂ ਵਿਚ
ਕਦਮ ਕਦਮ ਤੇ ਦੀਵਾ ਬਲਿਆ।
ਮੇਰੀ ਰੱਤ ਦਾ ਕਤਰਾ ਕਤਰਾ ਕਿਰਿਆ
ਹਰ ਕਤਰੇ 'ਚੋਂ
ਪੀਲਾ ਫੁੱਲ ਗੁਲਾਬ ਦਾ ਖਿੜਿਆ
ਕਿੰਨੀ ਵਾਰ ਮੇਰਾ ਠੂਠਾ ਭਰਿਆ
ਕਿੰਨੀ ਵਾਰ ਮੇਰੀ ਝੋਲੀ ਉੱਤੋਂ ਤੀਕਰ ਭਰ ਕੇ
ਮੇਰੀ ਠੋਡੀ ਨੂੰ ਆ ਲੱਗੀ
ਜੋ ਮੰਗਿਆ, ਸੋ ਲੱਭਾ
ਜੋ ਚਾਹਿਆ, ਸੋ ਆਂਦਾ।
ਹੁਣ ਤਸਵੀਰ ਬਣੇਗੀ
ਸ਼ਾਇਰ ਤੇ ਧਰਤੀ ਦੀਆਂ ਸੱਧਰਾਂ ਦੀ ਤਸਵੀਰ



Academy of the Punjab in North America: http://www.apnaorg.com

5.

ਮੰਗੀਆਂ, ਖੋਹੀਆਂ, ਆਂਦੀਆਂ
ਸਾਰੀਆਂ ਸ਼ੈਵਾਂ ਢੇਰੀ ਲਾਈਆਂ
ਆਪਣੇ ਤੱਤੇ, ਨਿੱਤਰੇ, ਲਿਸ਼ਕਦੇ
ਲਹੂ ਵਿਚ ਗੁੰਨ੍ਹੀਆਂ
ਵਿਚ ਰਲਾਇਆ,
ਆਪਣੀ ਅੱਖ ਦਾ ਚਾਨਣ
ਸਾਹ ਦੀ ਗਰਮੀ
ਠਾਹ ਠਾਹ ਵੱਜਦਾ ਦਿਲ
ਤੇ ਆਪਣਾ ਸਭ ਤੋਂ ਸੂਹਣਾ ਸੁਫਨਾ।
ਫੇਰ ਮੈਂ ਹੱਡਾਂ ਦੀ ਅੱਗ ਬਾਲ ਕੇ ਥੱਲੇ ਖੂਬ ਰਲਾਈਆਂ ਖੂਬ ਪਕਾਈਆਂ ਸਾਰੀਆਂ ਸ਼ੈਵਾਂ

6.

ਮੈਂ ਸ਼ਾਇਰ !

ਮੈਂ ਬੇ-ਹੁਨਰੇ ਸ਼ਾਇਰ ਨੇ
ਆਪਣੀਆਂ ਜ਼ਖ਼ਮੀ, ਛਿੱਲੀਆਂ, ਲਹੂ ਨਾਲ ਲਿਬੜੀਆਂ ਉਂਗਲਾਂ ਦੇ ਨਾਲ
ਉਹ ਤਸਵੀਰ ਬਣਾਈ !
ਗੁੱਡੋ ਗੁੱਡੀ ਦੀ ਪੀਂਘ ਦੇ ਵਿਚ ਬਿਠਾਈ
ਖਿੱਚ ਕੇ ਪੀਂਘ ਮੈਂ ਝੂਟਾ ਦਿੱਤਾ
ਪੀਂਘ ਹੁਲਾਰੇ ਖਾਵੇ
ਸਹਿਮੀ, ਡਰੀ ਕੁੜੀ ਸ਼ਰਮਾਵੇ
ਪੀਂਘ ਹੁਲਾਰੇ ਖਾਵੇ,
ਅਜ਼ਲ ਦੀਆਂ ਕੰਧਾਂ ਤੋਂ ਲੈ ਕੇ
ਅਬਦ ਦੀ ਮੰਜ਼ਿਲ ਤੀਕਰ
ਸੱਤ ਰੰਗੀ ਉਹ ਪੀਂਘ ਹੁਲਾਰੇ ਖਾਵੇ
ਉਹ ਸ਼ਰਮਾਵੇ
ਖਿਣ ਖਿਣ ਮੇਰੇ ਵਲ ਵੇਖੇ ਤੇ ਸੰਗਦੀ ਜਾਵੇ
ਉਹ ਕੁੜੀ ਸ਼ਰਮਾਵੇ
ਉਹ ਕੁੜੀ ਤਸਵੀਰ ਦੀ
ਪੀਂਘ ਚੜ੍ਹਾਵੇ
ਇਕ ਸੱਤ ਰੰਗੀ ਪੀਂਘ

ਆਪਣੀ ਸਾਵੀ ਕੁੱਖ ਦੇ ਫੁੱਲ ਨੂੰ,
ਖਿੜਦੇ ਵੇਖ ਵੇਖ ਕੇ ਧਰਤੀ ਹੱਸੀ, ਵੱਸੀ !



Academy of the Punjab in North America: http://www.apnaorg.com

ਹੱਸਦੀ ਹੱਦੋਂ ਸੂਹਣੀ ਲਗਦੀ
ਵੱਸਦੀ ਹੱਦੋਂ ਚੰਗੀ ਲਗਦੀ
ਧਰਤੀ !
ਸਤ ਰੰਗਾਂ ਦੀ ਪੀਂਘ ਝੂਟੇਂਦੀ ਕੁੜੀ ਨੂੰ ਵੇਖ ਕੇ,
ਸੂਰਜ ਤੇ ਅਸਮਾਨ, ਸਮੁੰਦਰ, ਦਿਨ ਤੇ ਰਾਤਾਂ ਹੱਸਣ, ਖੁਸ਼ ਹੋਵਣ
ਚੰਨ, ਤਾਰੇ, ਜੰਗਲ, ਹਵਾ ਤੇ ਬਿਜਲੀ, ਬੱਦਲ ਹੱਸਣ, ਖਿੱਲੀਆਂ ਮਾਰਨ
ਸਹਿਰਾ, ਦਰਿਆਂ ਤੇ ਮੌਸਮ ਹੱਸਣ
ਮਾਂ, ਪਿਉ, ਪੁੱਤਰ, ਭੈਣਾਂ ਹੱਸਣ
ਮੁਟਿਆਰ, ਜਣਾ, ਮਹਿਬੂਬ, ਆਸ਼ਿਕ, ਬੇ-ਨਾਮ ਫ਼ੱਕਰ,
ਦਰਵੇਸ਼ ਸਾਰੇ ਹੱਸਣ ਰਾਜ਼ੀ ਹੋਵਣ ।
ਦੁਨੀਆਂ ਭਰ ਦੇ ਮਿਹਨਤਕਸ਼, ਮਜ਼ਲੂਮ, ਦੁਖੀ ਦਰਦਾਂ ਵਾਲੇ,
ਹੰਝੂ ਭਰੀਆਂ ਅੱਖਾਂ ਵਾਲੇ ਸਾਰੇ ਲੋਕਾਂ
ਦੇ ਚਿਹਰੇ ਖ਼ੁਸ਼ੀ ਦੇ ਨਾਲ ਪਏ ਚਮਕਣ, ਖੁਸ਼ ਹੋਵਣ
ਦੁੱਧ, ਸ਼ਹਿਦ, ਮੱਖਣ ਫੁੱਲ ਖਿੜਣ ਤੇ ਹੱਸਣ
ਸ਼ੇਰ, ਚੀਤਾ, ਬਾਜ਼, ਹਿਰਨ ਤੇ ਬੁਲਬੁਲ, ਕੋਇਲ, ਘੁੱਗੀ, ਚਿੜੀਆਂ ਸਭ ਹੱਸਣ
ਧਰਤੀ ਹੱਸੇ
ਸ਼ਾਇਰ ਅੱਥਰੂ ਭਰੀਆਂ ਅੱਖਾਂ ਪੂੰਝੇ, ਹੱਸਣ ਦਾ ਚਾਰਾ ਮਾਰੇ
ਤੇ ਰੋਏ, ਹੱਸੇ !
ਸਤ ਰੰਗੀ ਉਹ ਪੀਂਘ ਹੁਲਾਰੇ ਖਾਵੇ
ਉਹ ਕੁੜੀ ਸ਼ਰਮਾਵੇ
ਬਿਟ ਬਿਟ ਸਾਡੇ ਵੱਲ ਵੇਖੇ, ਹੱਸੇ
ਹੱਸੇ ਤੇ ਸ਼ਰਮਾਵੇ
ਸਾਰੇ ਅੱਗੋਂ ਹੱਸਣ, ਉਹਨੂੰ ਵੇਖਣ
ਅੱਗੋਂ ਉਹ ਸ਼ਰਮਾਵੇ
ਸਤ ਰੰਗੀ ਚੁੰਨੀ ਵਿਚ ਮੂੰਹ ਲੁਕਾ ਕੇ
ਪੀਂਘ ਚੜ੍ਹਾਉਂਦੀ ਜਾਵੇ
ਤੇ ਸ਼ਰਮਾਵੇ
ਧਰਤੀ ਖਿੜਦੀ ਜਾਵੇ
ਧਰਤੀ ਖਿੜ ਖਿੜ ਹੱਸੇ
ਛਾਤੀ ਦੇ ਨਾਲ ਲਾ ਕੇ
ਮੇਰਾ ਮੱਥਾ ਚੁੰਮੇ
ਚੁੰਮੇ, ਹੱਸੇ,



Academy of the Punjab in North America: http://www.apnaorg.com

ਆਖੇ,
ਮੇਰਿਆ "ਸ਼ਾਇਰਾ !" ਵੱਸੇਂ
ਪੁੱਤਰਾ ! ਜੀਵੇਂ
ਮੈਂ ਹੰਝੂਆਂ ਵਿਚ ਡੁੱਬੀ ਹੋਈ ਨੂੰ
ਅੱਜ ਤੂੰ ਖੁਸ਼ੀ ਵਿਖਾਈ
ਮੇਰੀ ਕੁੱਖ ਵਸਾਈ
ਸ਼ਾਲਾ ! ਤੂੰ ਵੀ ਜੀਵੇਂ, ਵੱਸੇਂ !
ਜੀਵਣ ਤੇਰੀਆਂ ਉਂਗਲਾਂ
ਤੇਰਾ ਕਲਮ ਜੀਵੇ !
ਮੇਰੇ ਦੁੱਧ ਦਾ ਮੁੱਲ ਅੱਜ ਇਕ ਤੂੰ ਮੋੜਿਆ
ਸ਼ਾਇਰਾ ! ਪੁੱਤਰਾ !
ਜੀਵੇਂ ਹੱਸੇਂ ਵੱਸੇਂ !!!
ਅਜ਼ਲ ਦੀਆਂ ਕੰਧਾਂ ਤੋਂ ਲੈ ਕੇ
ਅਬਦ ਦੀ ਮੰਜ਼ਿਲ ਤੀਕਰ
ਸਤਰੰਗੀ ਉਹ ਪੀਂਘ ਹੁਲਾਰੇ ਖਾਵੇ
ਪੀਂਘ ਝੂਟਦੀ ਉਹ ਮੇਰੇ ਵੱਲ ਵੇਖੇ
ਵੇਖੇ ਤੇ ਸ਼ਰਮਾਵੇ
ਪੀਂਘ ਹੁਲਾਰੇ ਖਾਵੇ
ਸਾਰੇ ਉਸ ਨੂੰ ਵੇਖਣ, ਹੱਸਣ,
ਅੱਗੋਂ ਉਹ ਸ਼ਰਮਾਵੇ
ਧਰਤੀ ਖਿੜ ਖਿੜ ਹੱਸੇ !
ਸਦੀਆਂ ਪੁੱਤਰਾਂ ਕੋਲੋਂ
ਅਬਦ ਦੇ ਰੁੱਖ ਤੋਂ ਕਿਰਦੀਆਂ ਜਾਵਣ
ਧਰਤੀ ਤੋਂ ਅਸਮਾਨਾਂ ਤੀਕਰ
ਸਤ ਰੰਗੀ ਉਹ ਪੀਂਘ ਹੁਲਾਰੇ ਖਾਵੇ
ਦੁਨੀਆਂ ਉਹਨੂੰ ਵੇਖੇ
ਸਤ ਰੰਗਾਂ ਦੀ ਚੁੰਨੀ ਦੇ ਵਿਚ ਮੂੰਹ ਲੁਕਾ ਕੇ
ਉਹ ਸ਼ਰਮਾਵੇ
ਪੀਂਘ ਚੜ੍ਹਾਉਂਦੀ ਜਾਵੇ
ਉਹ ਕੁੜੀ ਤਸਵੀਰ ਦੀ
ਜੀਵੰਦੀ, ਜਾਗਦੀ ਵੱਸੇ
ਧਰਤੀ ਖਿੜ ਖਿੜ ਹੱਸੇ



Academy of the Punjab in North America: http://www.apnaorg.com

7.

ਇਹ ਤਸਵੀਰ ਬਣਾਉਣ ਲਈ
ਮੈਂ,
ਕਿਹੜਾ ਕਿਹੜਾ ਬੂਹਾ ਨਹੀਂ ਖੜਕਾਇਆ ?
ਕਿਧਰੋਂ ਕਿਧਰੋਂ ਫਿਰ ਨਹੀਂ ਆਇਆ ?
ਕਿਹੜਾ ਕਿਹੜਾ ਦੁੱਖ ਨਹੀਂ ਝੱਲਿਆ
ਚਾਲ੍ਹੀ ਵਰ੍ਹੇ
ਮੈਂ।
ਮੈਂ ਸ਼ਾਇਰ !
ਜਾਗਦੀ ਅੱਖੀਂ ਸੁਫਨੇ ਵੇਖਣ ਵਾਲਾ
ਝੱਲਾ ਸ਼ਾਇਰ !
ਮੇਰਾ ਹਰ ਇਕ ਸੁਫਨਾ
ਧਰਤੀ ਨੂੰ ਹੱਸਦੇ ਵੇਖਣ ਦਾ ਸੁਫਨਾ ਹੈ
ਮੇਰਾ ਹਰ ਇਕ ਸੁਫਨਾ
ਧਰਤੀ ਨੂੰ ਵੱਸਦੇ ਦੇਖਣ ਦਾ ਸੁਫਨਾ ਹੈ
ਮੇਰਾ ਹਰ ਇਕ ਸੁਫਨਾ
ਧਰਤੀ ਦਾ ਹੈ
ਧਰਤੀ ਲਈ ਹੈ
ਮੈਂ ਕਮਲਾ !
ਬੇ-ਹੁਨਰਾ ਸ਼ਾਇਰ !
ਧਰਤੀ ਦੇ ਸਾਰੇ ਪੁੱਤਰਾਂ 'ਚੋਂ
ਰੁਤਬੇ ਵਿਚ ਸਭ ਤੋਂ ਹੀ ਕਮਤਰ

ਬੇ-ਨਾਵਾਂ
ਬੇ-ਥਾਵਾਂ !
ਪਰ ਮੈਂ, ਸਾਰੇ ਦਾ ਸਾਰਾ ਹੀ
ਧਰਤੀ ਦਾ ਹਾਂ
ਧਰਤੀ ਲਈ ਹਾਂ
ਚਾਲ੍ਹੀ ਵਰ੍ਹੇ ਕੀ ਹੁੰਦੇ ?
ਸੁੱਖ ਦੇ ਇਕ ਸੁਫਨੇ ਲਈ
ਦੁੱਖ ਦੇ ਚਾਲ੍ਹੀ ਵਰ੍ਹੇ
ਕੀ ਹੁੰਦੇ ?



Academy of the Punjab in North America: http://www.apnaorg.com

ਮੇਰੀ ਉਮਰ, ਜੋ
ਲੱਖ ਵਰ੍ਹੇ ਵੀ ਹੋਵੇ
ਮੈਂ ਏਸਰਾਂ ਹੀ
ਧਰਤੀ ਲਈ
ਲਿਖਾਂ
ਗਾਵਾਂ
ਸੁਫਨੇ ਵੇਖਾਂ
ਤੇ ਤਸਵੀਰ ਬਣਾਵਾਂ।
ਮੈਂ ਏਸਰਾਂ ਹੀ
ਦਰਦ ਫਿਰਾਕਾਂ ਵਾਲੇ ਘੱਟੇ ਵਿਚ ਭਰਿਆ
ਟੁੱਟੇ ਦਿਲ, ਦੁੱਖਾਂ ਨਾਲ ਛਾਣਨੀ ਹੁੱਸੇ,
ਜ਼ਖਮੀ ਪੈਰਾਂ, ਲਹੂ ਨਾਲ ਲਿਬੜੀਆਂ ਉਂਗਲਾਂ ਦੇ ਵਿਚ
ਸੱਖਣਾ ਠੂਠਾ ਲੈ ਕੇ
ਖ਼ਾਲੀ ਝੋਲੀ ਅੱਡ ਕੇ
ਅਤਿ ਹਨੇਰਿਆਂ ਰਾਹਵਾਂ ਵਿਚ ਗਵਾਚਾ, ਸਹਿਮਿਆ, ਚੁੱਪ-ਚੁਪੀਤਾ
ਟੁਰਿਆ ਫਿਰਾਂ
ਤੇ ਬੂਹੇ ਬੂਹੇ ਜਾਵਾਂ
ਮੈਂ ਧਰਤੀ ਲਈ ਖ਼ੁਸ਼ੀਆਂ ਮੰਗਦਾ ਕਦੇ ਨ ਥੱਕਾਂ !
ਮੇਰੀ ਉਮਰ, ਜੋ
ਲੱਖ ਵਰ੍ਹੇ ਵੀ ਹੋਵੇ
ਤੇ ਹੱਸ ਕੇ ਏਸ ਫ਼ਕੀਰੀ ਨੂੰ ਮੈਂ ਸੀਨੇ ਲਾ ਲਾ
ਖ਼ੁਸ਼ੀਆਂ ਮੰਗਾਂ
ਸੁਫਨੇ ਵੇਖਾਂ
ਧਰਤੀ ਲਈ
ਤਸਵੀਰ ਬਣਾਵਾਂ
ਨਿੱਤ ਦਿਹਾੜੇ !
ਮੈਂ ਝੱਲਾ "ਜਜ਼ਬਾਤੀ", "ਮੂਰਖ",
ਇਹ ਕੀ ਨਾਂ ਨੇ ਮੇਰੇ ਲਈ ?
ਮੈਂ ਏਦੋਂ ਬਹੁਤ ਵਧੇਰਾ !
ਬਹੁਤ ਵਧੇਰਾ !!



Academy of the Punjab in North America: http://www.apnaorg.com

## ਅਸਾਂ ਸੀ ਨਈਂ ਕਰਨੀ

o

ਟੁੱਕੋ
ਸਾਡੀਆਂ ਉਂਗਲਾਂ
ਸੱਚ ਲਿਖਣੋਂ ਅਸਾਂ ਮੁੜਣਾ ਕੋਈ ਨਈਂ
ਟੁੱਕੋ
ਸਾਡੀਆਂ ਉਂਗਲਾਂ
ਅਸਾਂ ਸੀ ਨਈਂ ਕਰਨੀ,
ਪਰ ਮੰਗ ਨਈਂ ਛੱਡਣੀ।

ਖਿੱਚੋ,
ਸਾਡੀਆਂ ਜੀਭਾਂ
ਹੱਕ ਮੰਗਣੋਂ ਅਸਾਂ ਟਲਣਾ ਕੋਈ ਨਈਂ
ਖਿੱਚੋ, ਜੀਭਾਂ
ਅਸਾਂ ਸੀ ਨਈਂ ਕਰਨੀ,
ਪਰ ਮੰਗ ਨਈਂ ਛੱਡਣੀ।

ਪੀਹੋ,



Academy of the Punjab in North America: http://www.apnaorg.com

ਜ਼ੁਲਮ ਦੀ ਹਰ ਚੱਕੀ ਵਿਚ ਸਾਨੂੰ
ਪੀਹਦੀ ਜਾਓ, ਪੀਹੋ !
ਅਸਾਂ ਸੀ ਨਈਂ ਕਰਨੀ !
ਪਰ ਮੰਗ ਨਈਂ ਛੱਡਣੀ
ਪੀੜੋ
ਜਬਰ ਦੇ ਹਰ ਕੋਹਲੂ ਵਿਚ ਸਾਨੂੰ
ਪੀੜੀ ਜਾਓ ! ਪੀੜੋ
ਅਸਾਂ ਸੀ ਨਈਂ ਕਰਨੀ
ਪਰ ਮੰਗ ਨਈਂ ਛੱਡਣੀ

ਤਾਓ,
ਭੱਠੀਆਂ, ਭੱਠ
ਸਾਡੇ ਮਾਸ ਨਰੋਦੇ ਨਾਲ
ਅਸੀਂ ਸੀ ਨਈਂ ਕਰਨੀ
ਪਰ ਮੰਗ ਨਈਂ ਛੱਡਣੀ

ਝੋਕੋ
ਚੂੰਬੋ
ਸਾਡੇ ਚੋੜੇ ਹੱਡਾਂ ਨਾਲ
ਅਸਾਂ ਸੀ ਨਈਂ ਕਰਨੀ
ਪਰ ਮੰਗ ਨਈਂ ਛੱਡਣੀ

ਕਾੜ੍ਹੋ
ਚਾੜ੍ਹੋ ਕੜਾਹੇ ਚੁੰਬਿਆਂ ਤੇ
ਭਰ ਭਰ ਸਾਡੀ ਰੱਤ ਨਿਤਰੀ ਦੇ
ਅਸਾਂ ਸੀ ਨਈਂ ਕਰਨੀ
ਪਰ ਮੰਗ ਨਈਂ ਛੱਡਣੀ

ਬਾਲੋ,
ਮੱਚ ! ਮਚਾਓ !
ਸਾਡੇ ਰੇਸ਼ਮੀ ਵਾਲਾਂ ਦੇ
ਅਸਾਂ ਸੀ ਨਈਂ ਕਰਨੀ
ਪਰ ਮੰਗ ਨਈਂ ਛਡਣੀ ।

ਕੱਢੋ



Academy of the Punjab in North America: http://www.apnaorg.com

ਸਾਡੀਆਂ ਮੋਟੀਆਂ ਅੱਖਾਂ
ਭਰ ਦਿਓ ਟੋਏ ਮਿਰਚਾਂ ਨਾਲ
ਅਸਾਂ ਸੀ ਨਈਂ ਕਰਨੀ
ਪਰ ਮੰਗ ਨਈਂ ਛਡਣੀ

ਵੱਢੋ
ਦਾਤਰੀ ਬਣ ਕੇ,
ਸਾਡੇ ਉੱਚੇ ਸਿਰਾਂ ਦੀਆਂ ਬਰਸੀਣਾਂ
ਜਿਉਂ ਜਿਉਂ ਵੱਢੀ ਜਾਓਗੇ
ਅਸਾਂ ਤਿਉਂ ਤਿਉਂ ਵਧਣਾ, ਪੁੰਗਰਨਾ,
ਵੱਢ ਸਾਡੇ ਸਿਰਾਂ ਦੀਆਂ ਬਰਸੀਣਾਂ
ਅਸਾਂ ਸੀ ਨਈਂ ਕਰਨੀ
ਪਰ ਮੰਗ ਨਈਂ ਛੱਡਣੀ
ਅਸਾਂ ਆਪਣੀ ਮੰਗ ਨਈਂ ਛੱਡਣੀ.
ਆਪਣੀ ਧਰਤੀ ਆਪਣੀ ਵੱਸੋਂ,
ਆਪਣੀ ਬੋਲੀ, ਆਪਣਿਆਂ ਧਰਮਾਂ ਨੂੰ,
ਮਾਨਣ ਦੀ, ਆਜ਼ਾਦੀ ਦੀ
ਅਸਾਂ ਆਪਣੀ ਮੰਗ ਨਈਂ ਛੱਡਣੀ,
ਆਪਣੀ ਮੰਗ ਨਈਂ ਛੱਡਣੀ, ਨਈਂ ਛੱਡਣੀ,
ਨਈਂ ਛੱਡਣੀ, ਅਸਾਂ ਆਪਣੀ ਮੰਗ ਨਈਂ ਛੱਡਣੀ

ਪਾਟੀਆਂ ਚੁੰਨੀਆਂ ਤੇ ਪੱਗਾਂ ਦੀਆਂ ਸਾਰੀਆਂ ਲੀਰਾਂ ਜੋੜ ਕੇ
ਅਸਾਂ ਸਾਲੂ ਇਕ ਰੰਗਾਵਣਾ,
ਅਸਾਂ ਸਾਲੂ ਇਕ ਰੰਗਾਵਣਾ
ਭੱਜੀਆਂ ਟੁੱਟੀਆਂ ਸਾਰੀਆਂ ਬਾਹਵਾਂ ਕੱਠੀਆਂ ਕਰ ਕੇ
ਇਕ ਪੁਲ ਜਿਹਾ ਪੁਲ ਉਠਾਵਣਾ
ਅਸਾਂ ਪੁਲ ਜਿਹਾ ਪੁਲ ਉਠਾਵਣਾ
ਹਰ ਅੱਖ ਤੇ ਹਰ ਦੀਵੇ ਦੀ ਲੋਅ ਕੱਠੀ ਕਰ ਕੇ
ਗੀ ਗੋ ਕ ਇਕ ਸੂਰਜ ਬੈਠ ਬਣਾਵਣਾ,
ਅਸਾਂ ਸੂਰਜ ਬੈਠ ਬਣਾਵਣਾ,
ਖਿੰਡੀਆਂ, ਵੰਡੀਆਂ, ਵਿਛੜੀਆਂ ਸਭ ਰੁਲਦੀਆਂ ਵਾਜਾਂ
ਕੱਠੀਆਂ ਕਰਕੇ ਨਾਅਰਾ ਇਕ ਜਗਾਵਣਾ
ਅਸਾਂ ਨਾਅਰਾ ਇਕ ਜਗਾਵਣਾ



Academy of the Punjab in North America: http://www.apnaorg.com

ਜਿਹੜਾ ਮੁੱਲ ਵੀ ਲਾਓਗੇ, ਅਸਾਂ ਤਾਰ ਕੇ
ਆਪਣਾ ਕੀਤਾ ਕੌਲ ਨਿਭਾਵਣਾ

ਆਪਣੀ ਰੱਤ ਵਿਚ ਅਸਾਂ ਨੁਵਾ ਕੇ
ਆਜ਼ਾਦੀ ਦੀ ਆਪਣੀ ਮੰਗ ਨੂੰ ਵਿਆਹ ਲਿਆਵਣਾ
ਅਸਾਂ ਵਿਆਹ ਲਿਆਵਣਾ

ਪੰਜ ਦਰਿਆਵਾਂ ਦੇ ਸੀਨੇ 'ਤੇ, ਪਾਣੀ ਦੀ ਥਾਂ
ਜੇਕਰ ਪੈ ਗਿਆ ਲਹੂ ਦਾ ਹੜ੍ਹ ਚੜ੍ਹਾਵਣਾ,
ਅਸਾਂ ਲਹੂ ਦਾ ਹੜ੍ਹ ਚੜ੍ਹਾਵਣਾ,
ਸੀ ਨਈਂ ਕਰਨੀ,
ਪਰ ਮੰਗ ਨਈਂ ਛੱਡਣੀ
ਅਸਾਂ ਆਪਣੀ ਮੰਗ ਨਈਂ ਛੱਡਣੀ ।

●



Academy of the Punjab in North America: http://www.apnaorg.com